# ਸੂਰਾ


ਮਾਸਕ ਪੱਤਰ

ਅੰਮ੍ਰਿਤਸਰ AMRITSAR

## ਸ੍ਰੀ ਦਮਦਮਾ ਸਾਹਿਬ (ਗੁਰੂ ਕੀ ਕਾਂਸ਼ੀ)

ਸਤੰਬਰ ੧੯੭੪

Sept 1974



ਇਸ ਅਸਥਾਨ ਤੇ ਦਸਮੇਸ਼ ਪਿਤਾ ਜੀ ਨੇ ਸਮੱਗਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ, ਸਮੇਤ ਨੌਵੇਂ ਪਾਤਸ਼ਾਹ ਜੀ ਦੀ ਬਾਣੀ ਦੇ, ਅਨਭਵ ਦੁਆਰਾ ਉਚਾਰਨ ਕੀਤੀ ਅਤੇ ਭਾਈ ਮਨੀ ਸਿੰਘ ਜੀ ਤੋਂ ਲਿਖਵਾ ਕੇ ਬੀੜ ਮੁਕੰਮਲ ਕਰਵਾਈ। ਇਸ ਬੀੜ ਨੂੰ ਦਮਦਮੀ ਬੀੜ ਕਿਹਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਹ ਸੰਪੂਰਨ ਸਰੂਪ ਗੁਰੂ-ਗਦੀ ਤੇ ਸਸ਼ੋਭਤ ਹਨ।

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿੱਠੀ ਨੰਬਰ 3/70-68-21 (ਅ.ਪ.) ਮਿਤੀ 17-10-68 ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ, ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬ੍ਰੇਰੀਆਂ ਲਈ ਪਰਵਾਨ ਹੈ ।

# ਤ ਤ ਕ ਰਾ


| | | |
|---|---|---|
| ਭਾਦਉ ਭਰਮਿ ਭੁਲੀ | ਬਾਰਹਮਾਹਾ ਤੁਖਾਰੀ ਮ: ੧ | ੧ |
| ਅਕਾਲ ਪੁਰਖ ਦਾ ਦਰਸ-ਮਿਲਾਪ | ਭਾਈ ਸਾਹਿਬ ਰਣਧੀਰ ਸਿੰਘ ਜੀ | ੨ |
| ਅਠ-ਪਹਿਰੀ ਕੁੰਜੀ | ,, ,, ,, | ੫ |
| ਸੰਗੀਤ-ਰਸ ਅਤੇ ਕੀਰਤਨ-ਰਸ | ,, ,, ,, | ੬ |
| ਜਾਤ-ਪਾਤ | ਜਨਰਲ ਗੁਰਨਾਮ ਸਿੰਘ ਜੀ | ੬ |
| ਸਵਰਨ-ਰੰਗੀ ਭਾਈ ਸਰਵਣ ਸਿੰਘ ਜੀ | ਭਾਈ ਸਾਹਿਬ ਰਣਧੀਰ ਸਿੰਘ ਜੀ | ੭ |
| ਜਤ ਸਤ ਤੇ ਸਿੱਖੀ | ਗਿ: ਜਸਮੇਰ ਸਿੰਘ ਜੀ ਪਾਲ | ੧੦ |
| ਸਿਖ ਧਰਮ ਤੇ ਮਾਸ ਸ਼ਰਾਬ (ਗੁਰ-ਇਤਿਹਾਸ ਵਿਚੋਂ) | ਜੇ. ਪੀ. ਸੰਗਤ ਸਿੰਘ ਜੀ, ਬੰਬਈ | ੧੨ |
| ਫ਼ਿਲਮੀ ਪਰਚਾਰ ਵਿਰੁੱਧ ਇਕ ਮਤਾ | ਗੁਰਦਵਾਰਾ ਸਤਸੰਗ, ਮੇਰਠ ਛਾ: | ੨੦ |
| ਸ: ਰੈਲਫ਼ ਸਿੰਘ (ਇਕ ਅਮਰੀਕਨ ਸਿਖ) | 'ਅਜੀਤ' ਜਲੰਧਰ ਚੋਂ | ੨੧ |
| 'ਗੁਰਮਤਿ ਵਿਚਾਰ ਪਤ੍ਰਕਾ' ਦਾ ਜਾਰੀ ਰਖਣਾ ਲਾਜ਼ਮੀ ਹੈ | ਸੇਵਾਦਾਰ ਸੂਰਾ | ੨੨ |
| ਸ਼ਰਾਬ ਪੀਣ ਵਾਲਾ ਸਿਖ ਤਨਖ਼ਾਹੀਆ ਕਿ ਪਤਿਤ ? | ਸ: ਅਮਰਜੀਤ ਸਿੰਘ ਜੀ | ੨੩ |
| ਭੰਗਾਣੀ ਦਾ ਜੁੱਧ (ਆਖ਼ਰੀ ਕਿਸ਼ਤ) | ਪ੍ਰਿੰਸੀਪਲ ਸੁਜਾਨ ਸਿੰਘ ਜੀ | ੨੭ |
| ਸਿੰਘ ਸਭਾ ਸ਼ਤਾਬਦੀ ਵਲੋਂ ਨਰਸਰੀ ਸਕੂਲ | ਸੂਰਾ ਪਰਵਾਰ | ੩੪ |
| ਇਕ ਸਿਖ ਦੀ ਅਰਦਾਸ | ਡਾਕਟਰ ਰਜਨਿੰਦਰ ਸਿੰਘ ਜੀ | ੩੫ |
| ਪਰਦੇਸੀ ਵੀਰਾਂ ਦਾ ਧੰਨਵਾਦ ਤੇ ਸੰਗਤਾਂ ਪਾਸ ਬਿਨੈ | ਮਾਨਯਵਰ ਬਾਊ ਮਲ ਸਿੰਘ ਜੀ | ੩੬ |
| ਨਿਗੁਰਾ | ਗਿਆਨੀ ਗੋਪਾਲ ਸਿੰਘ ਜੀ 'ਮਿਤਰ' | ੩੭ |
| ਸ੍ਰੀ ਗੁਰੂ ਗ੍ਰੰਥ ਵਿਚਾਰ ਸਮਾਗਮ ਬਾਰੇ | ਸਕੱਤਰ, ਸਿੰਘ ਸਭਾ ਸ਼ਤਾਬਦੀ ਕਮੇਟੀ | ੩੮ |
| ਇੰਗਲੈਂਡ ਤੋਂ ਪੁੱਜੀ ਮਾਇਆ ਬਾਰੇ ਧੰਨਵਾਦੀ ਪੱਤਰ | ਸ: ਬਲਬੀਰ ਸਿੰਘ ਜੀ | ੩੯ |


## ਗੁਰਪੁਰਬ ਤੇ ਦਿਨ ਦਿਹਾਰ ਸਤੰਬਰ ੧੯੭੪

| | |
|---|---|
| ਸ੍ਰੀ ਗੁਰੂ ਗ੍ਰੰਥ ਸਾਹਿਬ ਪਹਿਲਾ ਪ੍ਰਕਾਸ਼ | ੧੬ ਸਤੰਬਰ |
| ਸ੍ਰੀ ਗੁਰੂ ਅਰਜਨ ਦੇਵ ਜੀ ਗੁਰਿਆਈ ਮਿਲੀ | ੧੭ ਸਤੰਬਰ |
| ਸ੍ਰੀ ਗੁਰੂ ਰਾਮਦਾਸ ਜੀ ਜੋਤੀ ਜੋਤਿ ਸਮਾਏ | ੧੮ ਸਤੰਬਰ |
| ਸ੍ਰੀ ਗੁਰੂ ਰਾਮਦਾਸ ਜੀ ਗੁਰਿਆਈ ਮਿਲੀ | ੨੯ ਸਤੰਬਰ |
| ਬਾਬੇ ਦਾ ਵਿਆਹ-ਅਚਲ ਵਟਾਲੇ | ੨੨ ਸਤੰਬਰ |
| ਸੰਗਰਾਂਦ ਅੱਸੂ | ੧੬ ਸਤੰਬਰ |
| ਪੂਰਨਮਾਸ਼ੀ ੧ ਸਤੰਬਰ | ਮਸਿਆ ੧੬ ਸਤੰਬਰ |

ਜੀਊਲ ਫ਼ਾਈਨ ਪ੍ਰਿੰਟਰਜ਼, ਹਾਥੀਖਾਨਾ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ ।

ਟੈਲੀਫ਼ੋਨ ਨੰਬਰ 51847

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥

ਸਾਲਾਨਾ ਚੰਦਾ ਦੇਸ : ੬ ਰੁਪਏ
ਫੀ ਕਾਪੀ : ੫੦ ਪੈਸੇ

ੴ ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ

ਪਰਦੇਸ : ਸਮੁੰਦਰੀ ਡਾਕ ਇਕ ਪੌਂਡ
ਹਵਾਈ ਡਾਕ ਦੇ ਰੇਟ ਵਧ ਹਨ ।

## ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੮ | ੧ ਸਤੰਬਰ, ੧੯੭੪ | ਅੰਕ ੯

## ਭਾਦਉ ਭਰਮਿ ਭੁਲੀ

ਭਾਦਉ ਭਰਮਿ[1] ਭੁਲੀ[2], [3]ਭਰਿ ਜੋਬਨਿ ਪਛੁਤਾਣੀ ॥
ਜਲ ਥਲ ਨੀਰਿ[4] ਭਰੇ, [5]ਬਰਸ-ਰੁਤੇ ਰੰਗੁ ਮਾਣੀ ॥
ਬਰਸੈ ਨਿਸਿ[6] ਕਾਲੀ, ਕਿਉ ਸੁਖੁ ਬਾਲੀ, ਦਾਦਰ[7] ਮੋਰ ਲਵੰਤੇ[8] ॥
ਪ੍ਰਿਉ ਪ੍ਰਿਉ ਚਵੈ[9] ਬਬੀਹਾ ਬੋਲੈ, ਭੁਇਅੰਗਮ[10] ਫਿਰਹਿ ਡਸੰਤੇ ॥
ਮਛਰ ਡੰਗ, ਸਾਇਰ[11] [12]ਭਰ-ਸੁਭਰ, ਬਿਨੁ ਹਰਿ ਕਿਉ ਸੁਖੁ ਪਾਈਐ ॥
ਨਾਨਕ ਪੂਛਿ ਚਲਉ ਗੁਰ ਅਪੁਨੇ, ਜਹ ਪ੍ਰਭੁ ਤਹ ਹੀ ਜਾਈਐ ॥੧੦॥

[ਬਾਰਹਮਾਹਾ ਤੁਖਾਰੀ ਮ: ੧

੧. ਭਟਕਣਾ ਵਿਚ । ੨. ਕੁਰਾਹੇ ਪੈ ਗਈ । ੩. ਭਰ ਜੁਆਨੀ (ਦੇ ਮਾਣ ਵਿਚ)। ੪. ਪਾਣੀ ਨਾਲ । ੫. ਵਰਖਾ ਰੁਤ । ੬. ਰਾਤ ਵੇਲੇ । ੭. ਡੱਡੂ । ੮. ਬੋਲਦੇ ਹਨ । ੯. ਬੋਲਦਾ ਹੈ । ੧੦. ਸੱਪ । ੧੧. ਸਮੁੰਦਰ, ਸਰੋਵਰ । ੧੨. ਨਕਾ-ਨਕ ਭਰੇ ਹੋਏ ।

ਐਡੀਟਰ : ਗਿਆਨੀ ਜਸਵੰਤ ਸਿੰਘ, ਬੀ. ਏ., ਬੀ. ਟੀ.

www.AKJ.Org

# ਅਕਾਲ ਪੁਰਖ ਦਾ ਦਰਸ-ਮਿਲਾਪ

## ( ਪਿਛੇ ਤੋਂ ਅਗੇ )

[ ਵਲੋਂ—ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ ]

ਸਾਰੀ ਖ਼ਲਕਤ ਹੀ ਏਸ ਅਗਿਆਨਤਾ ਭਰੀ ਨਾਸਤਕਤਾ ਵਿਚ ਰੁੜ੍ਹਦੀ ਕੁੜ੍ਹਦੀ ਚਲੀ ਆਉਂਦੀ ਸੀ ਕਿ ਗੁਰੂ ਨਾਨਕ ਸਾਹਿਬ ਜੀ ਨੇ ਦਸ ਗੁਰੂ ਜੋਤਿ-ਜਾਮੇ ਧਾਰ ਕੇ ਅਤੇ "ਜੋਤਿ ਓਹਾ ਜੁਗਤਿ ਸਾਇ" ਦੇ ਵਾਕ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਮਰ ਵਜੂਦੀ ਸਰੂਪ ਵਿਚ ਆਪਣੀ ਜੋਤਿ ਸੰਚਾਰ ਕੇ, ਨਾ ਸਿਰਫ਼ ਏਸ ਗੱਲ ਦਾ ਦੀਦ ਬਿਚੱਖਣੀ ਸਬੂਤ ਦਿਤਾ ਹੈ ਕਿ ਨਿਰੰਕਾਰ ਨਿਰੰਜਨ ਅਕਾਲ ਪੁਰਖ ਹੈ, ਬਲਕਿ ਘਟ-ਜੋਤਿ-ਜਲਵੀਏ ਇਕ ਨਹੀਂ, ਅਨੇਕਾਂ ਪ੍ਰਮਾਰਥੀ ਪਾਤਰਤਾ ਵਾਲੇ ਗੁਰਮੁਖ ਜਨਾਂ ਨੂੰ ਪਰਗਟ ਕਰ ਦਿਖਲਾਇਆ । ਸਾਰਾ ਜਹਾਨ ਹੀ ਨਾਸਤਕਤਾ ਦੀ ਤਿਮਰ ਤਾਰੀਕ ਅੰਧਗਤੀ ਤੋਂ ਉਭਰ ਕੇ ਆਸਤਕਤਾ ਦੀ ਸਿਦਕ-ਸਰਧਾ ਵਿਚ ਲਹਿਰੇ ਮਾਰ ਉਠਿਆ । ਦਹਿਰੀਅਤ ਦੇ ਘੋਰ ਘੁਪ ਅੰਧੇਰੇ ਵਿਚੋਂ ਰੱਬੀ ਹਕੀਕਤ ਆਸ਼ਕਾਰ ਕਿਰਣ ਉਫ਼ਕ ਆਈ ।

ਏਸ ਘੋਰ ਅੰਧਿਆਰ ਗ੍ਰਸੇ ਹੋਏ ਕਲੀਕਾਲ ਵਿਖੇ ਨਿਰੰਕਾਰੀ ਨਾਮ ਦਾ ਐਸਾ ਡੰਕਾ ਬਜਾਇਆ ਕਿ ਰੱਬ ਦੀ ਹੋਂਦ ਤੋਂ ਮੁਨਕਰ ਚਮਗਿਦੜਾਂ ਦੀ ਚਕਾ-ਚੌਂਧ ਦੂਰ ਹੋ ਗਈ, ਪੂਰਬ ਜਨਮ ਦੀ ਸ਼ਰਧਾ ਤੋਂ ਸਰਧਾਏ ਹੋਏ ਵਡਭਾਗੇ ਸੰਤ ਪਿਆਰੇ (ਸਚੇ ਦੇ ਧਾਰੇ ਹੋਏ) ਤਾਂ ਪਰਤਖ ਰੱਬ ਦੇ ਦਰਸ਼ਨਾਂ ਨਾਲ ਹੀ (ਬਿਸ਼ਗੁਫ਼ਤਾਏ ਗਏ) ਖਿੜ ਗਏ । ਜਿਸ ਪਰਮਾਤਮ-ਦਰਸ਼ਨ ਦੀ ਨਿਮਖ ਮਾਤਰੀ ਝਲਕ ਨੂੰ ਸਾਧਿਕ ਸਿਧ ਬਿਲਲਾਉਂਦੇ ਫਿਰਦੇ ਰਹੇ ਅਤੇ ਬ੍ਰਹਮੇ ਇੰਦਰ ਜੈਸੇ ਕੋਟ ਤੇਤੀਸ ਖੋਜ ਨਾਲ, ਤਿਸ ਵਾਹਿਗੁਰੂ-ਦਰਸ਼ਨ ਨੂੰ ਗੁਰੂ-ਘਰ ਦੇ ਗੁਰਮੁਖ ਜਨਾਂ ਨੇ, ਹਿਰਦੇ ਅੰਦਰ ਪਾਇ ਪ੍ਰਗਟਾਇ ਲਿਆ ਅਤੇ ਏਸ ਦਰਸ਼ਨ-ਮੇਲ ਦੇ ਪ੍ਰੇਮ-ਰਹੱਸ ਖੋਜ ਹਾਰਦੇ ਰਹੇ, ਅਨੰਦਤ ਹੋ ਕੇ, ਅਕਾਲ ਪੁਰਖ ਦੀਆਂ ਉਸਤਤੀਆਂ ਗਾ ਉੱਠੇ, ਯਥਾ ਗੁਰਵਾਕ :—

> ਅੰਤਰਿ ਅਲਖੁ ਨ ਜਾਈ ਲਖਿਆ ॥ ਨਾਮੁ ਰਤਨੁ ਲੈ ਗੁਝਾ ਰਖਿਆ ॥ ਅਗਮੁ ਅਗੋਚਰੁ ਸਭ ਤੇ ਊਚਾ, ਗੁਰ ਕੈ ਸਬਦਿ ਲਖਾਵਣਿਆ ॥੧॥ ਹਉ ਵਾਰੀ ਜੀਉ ਵਾਰੀ, ਕਲਿ ਮਹਿ ਨਾਮੁ ਸੁਣਾਵਣਿਆ ॥ ਸੰਤ ਪਿਆਰੇ ਸਚੈ ਧਾਰੇ, ਵਡਭਾਗੀ ਦਰਸਨੁ ਪਾਵਣਿਆ ॥੧॥ਰਹਾਉ॥ ਸਾਧਿਕ ਸਿਧ ਜਿਸੈ ਕਉ ਫਿਰਦੇ ॥ ਬ੍ਰਹਮੇ ਇੰਦ੍ਰ ਧਿਆਇਨਿ ਹਿਰਦੇ ॥ ਕੋਟਿ ਤੇਤੀਸਾ ਖੋਜਹਿ ਤਾ ਕਉ, ਗੁਰ ਮਿਲਿ ਹਿਰਦੈ ਗਾਵਣਿਆ ॥੨॥
>
> [ਮਾਝ ਮ: ੫, ਪੰਨਾ ੧੩੦

'ਬ੍ਰਹਮੇ ਇੰਦ੍ਰ ਧਿਆਇਨਿ ਹਿਰਦੇ' ਦਾ ਭਾਵ ਏਥੇ ਕੇਵਲ ਮੈਡੀਟੇਸ਼ਨ ਦਾ ਫੋਕਟ ਹਠ-ਜੋਗ ਦਾ ਹੀ ਹੈ । ਪਾਰਬ੍ਰਹਮ ਪ੍ਰਮੇਸ਼ਰ ਦਾ ਅਸਲ ਧਿਆਨ ਧਰਨ ਦੀ ਮਤਿ-ਸੁਮਤਿ ਗੁਰ ਪੂਰੇ ਤੋਂ ਹੀ ਪਾਈਦੀ ਹੈ । ਗੁਰ-ਸ਼ਬਦ ਦੁਆਰਾ ਦ੍ਰਿੜ੍ਹਾਈ ਧਾਰਨਾਈ ਅੰਤਰਿ-ਧਿਆਨਤਾ ਪਾਰਬ੍ਰਹਮ ਦੀ ਹਸਤੀ ਨੂੰ ਮਹਿਜ਼ ਹੋਂਦ ਹੀ ਨਹੀਂ ਸਿਧ ਕਰਾਉਂਦੀ, ਦਰਸਾਉਂਦੀ, ਬਲਕਿ ਨਿਰੰਕਾਰ ਨਿਰੰਜਨ ਨੂੰ ਸਭ ਕਾਇਨਾਤ ਦਾ ਕਰਨ ਕਰਾਵਨਹਾਰ, ਚਰਾਚਰ ਜੀਆ ਜੰਤ ਦਾ ਪ੍ਰਤਿਪਾਲਕ, ਖ਼ਾਲਕ, ਮਾਲਕ ਸਿਧਤਾਉਂਦੀ ਹੈ, ਅਤੇ ਅਗਮ ਅਗੋਚਰ ਸਦਾ ਬਿਅੰਤ ਨੂੰ ਪਰਤਖ ਹਾਜ਼ਰ ਨਾਜ਼ਰ ਜਣਾਇ ਕੈ ਸਿਮਰਨ ਕਰਨਾ ਸਿਖਾਉਂਦੀ ਹੈ, ਯਥਾ ਗੁਰਵਾਕ :—

> ਪਾਰਬ੍ਰਹਮ ਪਰਮੇਸੁਰੁ ਧਿਆਈਐ ॥ ਗੁਰ ਪੂਰੇ ਤੇ ਇਹ ਮਤਿ ਪਾਈਐ ॥੧॥ਰਹਾਉ॥ ਕਰਣ ਕਰਾਵਨਹਾਰ ਦਇਆਲ ॥ ਜੀਅ ਜੰਤ ਸਗਲੇ ਪ੍ਰਤਿਪਾਲ ॥ ਅਗਮ ਅਗੋਚਰ ਸਦਾ ਬਿਅੰਤਾ ॥ ਸਿਮਰਿ ਮਨਾ ਪੂਰੇ ਗੁਰ ਮੰਤਾ ॥੨॥
>
> [ਗਉੜੀ ਗੁਆਰੇਰੀ ਮ: ੫, ਪੰਨਾ ੧੮੪

ਸਚ ਮੁਚ ਸਚਾ ਸਾਹਿਬ ਵਡਾ ਹੈ ਅਤੇ ਅਗਮ ਅਥਾਹ ਹੈ, ਬੇਪਰਵਾਹ ਹੈ। ਇਸ ਨੂੰ ਮਿਲਣਾ ਕਿਹੜਾ ਸਹਿਲਾ ਹੀ ਹੈ। ਜਿਸ ਨੂੰ ਪੂਰਬਲੇ ਕਰਮਾਂ ਦੀ ਗਤੀ ਅਨੁਸਾਰ ਗੁਰੂ-ਘਰ ਦੀ ਸਾਧ ਸੰਗਤਿ ਵਿਚ ਵਾਸਾ ਮਿਲਦਾ ਹੈ,



www.AKJ.Org

ਉਸ ਦੀ ਪਹਿਲਾਂ ਮਾਇਆ-ਮਮਤਾਣੀ ਸਿਲਕ ਜੇਵੜੀ ਕੱਟੀ ਜਾਂਦੀ ਹੈ, ਤਾਂ ਉਹ ਸਚੇ ਮਾਰਗ ਪੈਂਦਾ ਹੈ। ਸੁਮਾਰਗ ਪੈ ਕੇ ਫੇਰ ਓਸ ਨੂੰ ਸਚੇ ਹੁਕਮ ਦੀ ਸੂਝ ਬੂਝ ਪੈਂਦੀ ਹੈ। ਏਕੋ ਨਾਮ ਨੂੰ ਹੁਕਮ ਪਛਾਣ ਕੇ ਉਹ ਨਾਮ-ਅਭਿਆਸ-ਕਮਾਈ ਮਈ ਸੱਚੀ ਸੇਵਾ ਵਿਰ ਜੁਟ ਜਾਂਦਾ ਹੈ, ਤਾਂ ਉਸ ਦਾ ਹੁਕਮ ਬੁਝਣਹਾਰੇ ਨੂੰ, ਸਚੇ ਸੇਵਕ ਦੀ ਪਦਵੀ ਗੁਰੂ ਘਰੋਂ ਮਿਲਦੀ ਹੈ। ਇਸ ਅਵਸਥਾ ਵਿਖੇ ਪੁਗ ਖਲੋਣ ਦੀ ਤੱਤ ਨਿਸ਼ਾਨੀ ਇਹ ਹੁੰਦੀ ਹੈ ਕਿ ਉਸ ਨੂੰ ਬੁਰਾ ਭਲਾ ਦੁਇ ਸਮਸਰ ਸੁਝਣ-ਸਹੇਜਣ ਲਗ ਪੈਂਦੇ ਹਨ। ਉਸ ਦੀ ਹਉਮੈ ਅਹੰ-ਮਮਤਾ ਸਗਲੀ ਬਿਨਸ ਜਾਂਦੀ ਹੈ। ਤਿਥੈ ਤਿਸ ਬਿਵਸਥਾ ਵਿਖੇ ਉਸ ਨੂੰ ਇਕੋ ਅਕਾਲ ਪੁਰਖ ਹੀ ਸਾਰੇ ਦਿਸਦਾ ਬੁਝਦਾ ਹੈ। ਐਸਾ ਪੂਰ-ਕਰੰਮਾ ਗੁਰਮੁਖ ਜਨ ਹੀ ਸਹਿਜ ਪਦ ਵਿਖੇ ਸਮਾਉਂਦਾ ਹੈ। ਐਸੇ ਪਾਰਦਰਸੀ ਵਾਹਿਗੁਰੂ ਦੇ ਭਗਤ ਸਦਾ ਹੀ ਸੁਖ-ਵਾਸੀ, ਅਤੀਤ, ਗ੍ਰਿਹਸਤ-ਉਦਾਸੀ ਹੁੰਦੇ ਹਨ। ਬਾਲ ਸੁਭਾਇ ਸਦਾ ਗੁਰਮੁਖ ਜੀਵਨ ਬਤੀਤ ਕਰਦੇ ਹਨ। ਭਾਂਤੋ ਭਾਂਤੀ ਅਨਿਕ ਰੰਗੀ ਆਤਮ ਕੇਲ ਕਰਦੇ ਹਨ। ਵਾਹਿਗੁਰੂ ਉਹਨਾਂ ਨੂੰ ਪੁਤਰਾਂ ਵਾਂਗ ਲਾਡ ਲਡਾਉਂਦਾ ਹੈ। ਉਸ ਅਗਮ ਅਗੋਚਰ ਦੀ ਕੀਮਤ ਨਹੀਂ ਪਾਈ ਜਾਂਦੀ, ਉਸ ਨੂੰ ਮਿਲ ਕੇ ਹੀ ਸਚੀ ਸ਼ਾਂਤੀ ਆਉਂਦੀ ਹੈ। ਪਰ ਉਸ ਨੂੰ ਤਦੇ ਹੀ ਮਿਲੀਦਾ, ਮਿਲ ਸਕੀਦਾ ਹੈ, ਜੇ ਉਹ ਆਪ ਹੀ ਮਿਲਾਇ ਲਵੇ। ਵਾਹਿਗੁਰੂ ਤਿਨ੍ਹਾਂ ਜਨਾਂ ਨੂੰ ਹੀ ਪਰਗਟ ਹੋਵੰਦਾ ਹੈ ਜਿਨ੍ਹਾਂ ਦੇ ਧੁਰ ਮਸਤਕਿ ਲੇਖ ਲਿਖਿਆ ਹੋਵੰਦਾ ਹੈ। ਤਿਨ੍ਹਾਂ ਪ੍ਰਭੂ-ਪਰਗਟੰਨੇ ਗੁਰਮੁਖਾ ਨੂੰ ਸਨਮੁਖ ਦਿਦਾਰਾ ਐਸਾ ਹੁੰਦਾ ਹੈ ਕਿ ਉਹ ਸਦਾ ਉਸ ਦੇ ਹੁਕਮ ਅੰਦਰ ਮਾਇਲ ਹੁੰਦੇ ਹੋਏ ਇਉਂ ਬੇਨਤੀਆਂ ਕਰਨ ਵਿਚ ਮਫ਼ਤੂਨ ਰਹਿੰਦੇ ਹਨ :—

ਹੇ ਵਾਹਿਗੁਰੂ, ਤੂੰ ਆਪੇ ਕਾਰਨ ਕਰਨਹਾਰ ਕਰਤਾ ਹੈਂ। ਤੂੰ ਆਪੇ ਹੀ ਸਾਰੀ ਸ੍ਰਿਸ਼ਟੀ ਉਪਾਈ ਹੈ ਅਤੇ ਸਭ ਧਰਤੀ ਸਾਜਿ ਧਰੀ ਹੈ। ਸਾਨੂੰ ਗੁਰੂ ਨਾਨਕ ਨਿਰੰਕਾਰੀ ਨੇ ਤੇਰੇ ਸਰਣਿ-ਦੁਆਰੈ ਆਣ ਪਾਇਆ ਹੈ। ਤੂੰ ਸਾਨੂੰ ਸਦਾ ਆਪਣੇ ਭਾਣੇ ਅੰਦਰਿ ਹੀ ਸਾਜ-ਸੰਵਾਰੀ ਰਖਦਾ ਹੈ, ਯਥਾ ਗੁਰਵਾਕ :—

ਵਡਾ ਸਾਹਿਬੁ ਅਗਮ ਅਥਾਹਾ ॥ ਕਿਉ ਮਿਲੀਐ ਪ੍ਰਭ ਵੇਪਰਵਾਹਾ ॥ ਕਾਟਿ ਸਿਲਕ ਜਿਸੁ ਮਾਰਗਿ ਪਾਏ, ਸੋ ਵਿਚਿ ਸੰਗਤਿ ਵਾਸਾ ਪਾਇਦਾ ॥੧੨॥ ਹੁਕਮੁ ਬੂਝੈ ਸੋ ਸੇਵਕੁ ਕਹੀਐ ॥ ਬੁਰਾ ਭਲਾ ਦੁਇ ਸਮਸਰਿ ਸਹੀਐ ॥ ਹਉਮੈ ਜਾਇ ਤ ਏਕੋ ਬੂਝੈ, ਸੋ ਗੁਰਮੁਖਿ ਸਹਜਿ ਸਮਾਇਦਾ ॥੧੩॥ ਹਰਿ ਕੇ ਭਗਤ ਸਦਾ ਸੁਖਵਾਸੀ ॥ ਬਾਲ ਸੁਭਾਇ ਅਤੀਤ ਉਦਾਸੀ ॥ ਅਨਿਕ ਰੰਗ ਕਰਹਿ ਬਹੁ ਭਾਤੀ, ਜਿਉ ਪਿਤਾ ਪੂਤੁ ਲਾਡਾਇੰਦਾ ॥੧੪॥ ਅਗਮ ਅਗੋਚਰੁ ਕੀਮਤਿ ਨਹੀ ਪਾਈ ॥ ਤਾ ਮਿਲੀਐ ਜਾ ਲਏ ਮਿਲਾਈ ॥ ਗੁਰਮੁਖਿ ਪ੍ਰਗਟੁ ਭਇਆ ਤਿਨ ਜਨ ਕਉ, ਜਿਨ ਧੁਰਿ ਮਸਤਕਿ ਲੇਖੁ ਲਿਖਾਇਦਾ ॥੧੫॥ ਤੂ ਆਪੇ ਕਰਤਾ ਕਾਰਣ ਕਰਣਾ ॥ ਸ੍ਰਿਸਟਿ ਉਪਾਇ ਧਰੀ ਸਭ ਧਰਣਾ ॥ ਜਨ ਨਾਨਕੁ ਸਰਣਿ ਪਇਆ ਹਰਿ ਦੁਆਰੈ, ਹਰਿ ਭਾਵੈ ਲਾਜ ਰਖਾਇਦਾ ॥੧੬॥੧॥੫॥

[ਮਾਰੂ ਸੋਲਹੇ ਮ: ੫, ਪੰਨਾ ੧੦੭੬

ਗੁਰਮਤਿ ਅੰਦਰ ਅਗਮ ਅਗੋਚਰ ਵਾਹਿਗੁਰੂ ਨਿਰੰਕਾਰ ਨੂੰ ਸਭ ਦਾ ਸਚਾ ਸਿਰਜਨਹਾਰਾ ਕਰਕੇ ਮੰਨਿਆ ਗਿਆ ਹੈ। ਏਸੇ ਮਨੌਤੀ ਵਿਚ ਏਸ ਨੂੰ ਸੇਵਨਾ, ਭਗਤਿ ਕਰੇਵਨਾ ਸ੍ਰੇਸ਼ਟਾਇਆ ਗਿਆ ਹੈ। ਸ਼ਬਦ ਕਮਾਈ ਕੀਤਿਆਂ ਸਰਬ ਦਾ ਦੂਖ ਨਿਵਾਰਣਹਾਰ ਸਿਧ ਹੋਇ ਪ੍ਰਗਟ ਹੁੰਦਾ ਹੈ। ਉਸ ਅਗਮ ਅਗੋਚਰ ਦੀ ਕੀਮਤਿ ਕਿਨ੍ਹੇ ਨਹੀਂ ਪਾਈ। ਆਪੇ ਹੀ ਅਗਮ ਅਥਾਹ ਰਹਿਣ ਵਿਚ ਸੰਤੁਸ਼ਟ ਹੈ। ਗੁਰਪ੍ਰਸਾਦੀ ਉਸ ਨੂੰ ਮਨ ਅੰਦਰ ਵਸਾਇਆ ਜਾ ਸਕਦਾ ਹੈ। ਜੋ ਜਨ ਉਸ ਨੂੰ ਗੁਰਸ਼ਬਦ ਗੁਰਮੰਤ੍ਰ ਦੇ ਅਭਿਆਸ ਦੇ ਵਿਗਾਸ ਅੰਦਰ ਸਲਾਹੁੰਦੇ ਸਿਫ਼ਤਾਉਂਦੇ ਹਨ, ਤਿਨ੍ਹਾਂ ਨੂੰ ਉਹ ਸਦਾ ਵਧ ਤੋਂ ਵਧ ਗੁਣ ਕਰਨਹਾਰਾ ਹੀ ਹੈ, ਤਿਨ੍ਹਾਂ ਦਾ ਫੇਰ ਲੇਖਾ ਕੋਈ ਨਹੀਂ ਮੰਗ ਸਕਦਾ, ਨ ਮੰਗਦਾ ਹੈ। ਬ੍ਰਹਮਾ, ਬਿਸ਼ਨ, ਮਹੇਸ਼ ਪਏ ਆਪ-ਹੁਦਰੇ ਹੀ ਉਸ ਦੇ ਸੇਵਕ-ਹਾਰੇ ਸੇਵਕ ਬਣਿ ਬਣਿ ਬਹਿੰਦੇ ਹਨ, ਪਰ ਉਸ ਅਲਖ ਅਭੇਵ ਬੇਅੰਤ ਪ੍ਰਭੂ ਦਾ ਅੰਤ ਨਹੀਂ ਪਾ ਸਕਦੇ। ਪਰ ਜਿਸ ਵਡਭਾਗੇ ਗੁਰਮੁਖ ਜਨ ਉਪਰ ਹੇ ਵਾਹਿਗੁਰੂ ! ਤੂੰ ਆਪਣੀ ਨਦਰ ਕਰਦਾ ਹੈਂ, ਸੋ ਗੁਰਮੁਖ ਪਿਆਰਾ



www.AKJ.Org

ਅਲਖ ਪ੍ਰਭੂ ਨੂੰ ਲਖ ਲੈਂਦਾ ਹੈ । ਸਾਰੇ ਜਗ ਵਿਚ ਇਹੋ ਅਕਾਲ ਪੁਰਖ ਹੀ ਵਰਤਦਾ ਹੈ, ਪਰ ਗੁਰਪ੍ਰਸਾਦੀ ਵਿਰਲੇ ਗੁਰਮੁਖ ਜਨਾਂ ਨੂੰ ਹੀ ਪ੍ਰਗਟ ਹੁੰਦਾ ਹੈ । ਜਿਹੜੇ ਗੁਰਮੁਖ ਪਿਆਰੇ ਗੁਰ-ਸ਼ਬਦ ਦੀ ਅਭਿਆਸ ਕਮਾਈ ਦੁਆਰਾ ਉਸ ਦੀ ਸਚੜੀ ਸਿਫਤ-ਸਲਾਹ ਕਰਦੇ ਹਨ ਤਿਨ੍ਹਾਂ ਨਿਰਮਲ ਨਿਰੰਕਾਰੀ ਜਨਾਂ ਦਾ ਨਿਜ ਘਰ ਵਾਸਾ ਹੁੰਦਾ ਹੈ । ਜਿਸ ਅਗਮ ਅਗੋਚਰ ਦੀ ਕੀਮਤ ਕਿਸੇ ਤੋਂ ਨਹੀਂ ਪਾਈ ਜਾ ਸਕਦੀ, ਗੁਰਮੁਖ ਭਗਤ ਜਨ ਸਦਾ ਉਸਦੀ ਸਰਣਾਈ ਹੀ ਰਹਿੰਦੇ ਹਨ । ਗੁਰਮੁਖ ਨਾਮ-ਧਿਆਵਨਹਾਰੇ ਸਦਾ ਭਾਣੇ ਅੰਦਰ ਹੀ ਸ਼ਾਕਰ ਰਹਿੰਦੇ ਹਨ, ਆਪਣੇ ਆਪ ਨੂੰ ਲਖਾਉਂਦੇ ਜਣਾਉਦੇ ਨਹੀਂ । ਸਚੇ ਸਾਹਿਬ ਦੇ ਦਰਿ ਕਬੂਲ ਹੋਏਵੇ ਅਨਿਨ ਗੁਰਮੁਖ ਭਗਤ ਜਨ ਸਦਾ ਉਸ ਦੇ ਗੁਣ ਗਾਵਣ ਵਿਚ ਹੀ ਮਹਿਵ ਰਹਿੰਦੇ ਹਨ, ਕਿ ਹੇ ਸਚੇ ਸਾਹਿਬ ! ਸਾਨੂੰ ਸਦਾ ਸਚੀ ਸਿਫਤ-ਸਲਾਹ ਹੀ ਦੇਵਹੁ, ਸਾਨੂੰ ਸਚੇ ਦਰਸ਼ਨ ਦੀ ਦਾਤ ਹੀ ਅਰਪੰਵਹੁ । ਅੰਤ ਨੂੰ ਸਚੜੇ ਸਰੂਪ ਦਰਸ਼ਨ ਵਿਚ ਹੀ ਮਿਲਾਇ ਲੇਵਹੁ, ਯਥਾ ਗੁਰਵਾਕ :—

> ਸੋ ਸਚੁ ਸੇਵਿਹੁ ਸਿਰਜਣਹਾਰਾ ॥ ਸਬਦੇ ਦੂਖ ਨਿਵਾਰਣਹਾਰਾ ॥ ਅਗਮੁ ਅਗੋਚਰੁ ਕੀਮਤਿ ਨਹੀ ਪਾਈ, ਆਪੇ ਅਗਮ ਅਥਾਹਾ ਹੇ ॥੧॥... ਅਗਮ ਅਗੋਚਰੁ ਕੀਮਤਿ ਨਹੀ ਪਾਈ ॥ ਗੁਰ ਪਰਸਾਦੀ ਮੰਨਿ ਵਸਾਈ ॥ ਸਦਾ ਸਬਦਿ ਸਾਲਾਹੀ ਗੁਣਦਾਤਾ, ਲੇਖਾ ਕੋਇ ਨ ਮੰਗੇ ਤਾਹਾ ਹੇ ॥੯॥ ਬ੍ਰਹਮਾ ਬਿਸਨੁ ਰੁਦ੍ਰੁ ਤਿਸ ਕੀ ਸੇਵਾ ॥ ਅੰਤੁ ਨ ਪਾਵਹਿ ਅਲਖ ਅਭੇਵਾ ॥ ਜਿਨ ਕਉ ਨਦਰਿ ਕਰਹਿ ਤੂ ਅਪਣੀ, ਗੁਰਮੁਖਿ ਅਲਖੁ ਲਖਾਹਾ ਹੇ ॥੧੦॥...ਸਭ ਜਗ ਮਹਿ ਵਰਤੈ ਏਕੋ ਸੋਈ ॥ ਗੁਰ ਪਰਸਾਦੀ ਪਰਗਟੁ ਹੋਈ ॥ ਸਬਦੁ ਸਲਾਹਹਿ ਸੇ ਜਨ ਨਿਰਮਲ, ਨਿਜ ਘਰਿ ਵਾਸਾ ਤਾਹਾ ਹੇ ॥੧੪॥ ਸਦਾ ਭਗਤ ਤੇਰੀ ਸਰਣਾਈ ॥ ਅਗਮ ਅਗੋਚਰ ਕੀਮਤਿ ਨਹੀ ਪਾਈ ॥ ਜਿਉ ਤੁਧੁ ਭਾਵੈ ਤਿਉ ਤੂ ਰਾਖਹਿ, ਗੁਰਮੁਖਿ ਨਾਮੁ ਧਿਆਹਾ ਹੇ ॥੧੫॥ ਸਦਾ ਸਦਾ ਤੇਰੇ ਗੁਣ ਗਾਵਾ ॥ ਸਚੇ ਸਾਹਿਬ ਤੇਰੈ ਮਨਿ ਭਾਵਾ ॥ ਨਾਨਕੁ ਸਚੁ ਕਹੈ ਬੇਨੰਤੀ, ਸਚੁ ਦੇਵਹੁ ਸਚਿ ਸਮਾਹਾ ਹੇ ॥੧੬॥

[ਮਾਰੂ ਮ: ੩, ਪੰਨਾ ੧੦੫੩-੫੪

ਅਗਮ ਅਗੋਚਰ ਦਾ ਕੇਵਲ ਗੁਰਮਤਿ ਦੁਆਰਾ ਮਿਲਣਾ ਹੀ ਸੰਭਵ ਹੈ, ਜੈਸਾ ਕਿ ਇਹ ਅਗਲੇਰਾ ਗੁਰਵਾਕ ਭੀ ਸਾਖਾ ਭਰਦਾ ਹੈ :—

> ਅਗਮ ਅਗੋਚਰੁ ਕੀਮਤਿ ਨਹੀ ਪਾਇ ॥ ਤਾ ਮਿਲੀਐ ਜਾ ਲਏ ਮਿਲਾਇ ॥ ਗੁਣਵੰਤੀ ਗੁਣ ਸਾਰੇ ਨੀਤ ॥ ਨਾਨਕ ਗੁਰਮਤਿ ਮਿਲੀਐ ਮੀਤ ॥

[ਦਖਣੀ ਓਅੰਕਾਰ, ਪੰਨਾ ੯੩੨

ਘਰਿ ਹੀ ਬੈਠਿਆਂ ਅਗਮ ਅਗੋਚਰ ਵਾਹਿਗੁਰੂ ਦਾ ਪਾਵਣਾ ਗੁਰਮਤਿ ਦੀ ਇਕ ਸਰਬ ਸਾਧਾਰਨ ਪਰਧਾਨ ਅਹਿਮਤਾ ਹੈ, ਯਥਾ ਗੁਰਵਾਕ :—

> ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ ॥ ਸੁਰਤਿ ਸਬਦਿ ਭਵ-ਸਾਗਰੁ ਤਰੀਐ, ਨਾਨਕ ਨਾਮੁ ਵਖਾਣੇ ॥ ਰਹਹਿ ਇਕਾਂਤਿ ਏਕੋ ਮਨਿ ਵਸਿਆ, ਆਸਾ ਮਾਹਿ ਨਿਰਾਸੋ ॥ ਅਗਮੁ ਅਗੋਚਰੁ ਦੇਖਿ ਦਿਖਾਏ, ਨਾਨਕ ਤਾ ਕਾ ਦਾਸੋ ॥

[ਸਿਧ ਗੋਸਟਿ, ਪੰਨਾ ੯੩੮

**ਸਾਰੀ ਸੁਰਤ-ਸਬਦ ਦੀ ਖੇਡ ਹੈ ।** ਨਾਮ ਵਖਾਣਨ ਸਿਮਰਨ ਦੁਆਰਾ ਖਿੰਡੀਆਂ ਹੋਈਆਂ ਬਿਰਤੀਆਂ ਇਕ-ਸੁਅਰ ਹੋ ਕੇ ਸੁਰਤਿ ਅਸਥਿਤ ਹੋ ਜਾਂਦੀਆਂ ਹਨ । ਵਿਚੇ ਗ੍ਰਿਹਸਤ ਰਹਿੰਦਿਆਂ ਹੀ ਜਲ-ਕੰਵਲ ਵਤ ਅਗਮ ਰਹੀਦਾ ਹੈ । ਜਲ ਵਿਚ ਤਰੰਦੜੀ ਮੁਰਗਾਈ ਦੇ ਖੰਭ ਜ਼ੈਸ ਜਿਉਂ ਕੇ ਤਿਉਂ ਅਭਿੱਜ, ਅਸਿੱਜ ਰਹਿੰਦੇ ਹਨ, ਤੈਸੇ ਹੀ ਸਬਦ ਸੁਰਤਿ ਅਭਿਆਸੀ ਸਚੇ ਸੁਰਤੀਸ਼ਰ ਮਾਇਆਵੀ ਧੰਦ-ਬੰਧ ਤੋਂ ਅਲੇਪ ਹੀ ਰਹਿੰਦੇ ਹਨ । ਏਕੋ ਅਕਾਲ ਪੁਰਖ ਨੂੰ ਮਨ ਵਿਖੇ ਵਸਾਉਣ ਕਰਿ, ਗ੍ਰਿਹਸਤ ਵਿਚ ਰਹਿੰਦੇ ਹੋਏ ਹਸਦੇ ਵਸਦੇ ਹੋਏ ਭੀ ਏਕਤਾਵਾਸੀ ਰਹਿੰਦੇ ਹਨ, ਆਸਾ ਮਹਿ ਨਿਰਾਸ ਹੀ ਵਿਚਰਦੇ ਹਨ । ਅਗਮ ਅਗੋਚਰ ਨੂੰ ਜੋ ਜਨ ਖ਼ੁਦ ਦੇਖ ਕੇ ਫੇਰ ਦੂਜਿਆਂ ਨੂੰ ਦਿਖਾਉਂਦੇ ਹਨ, ਗੁਰੂ ਨਾਨਕ ਸਾਹਿਬ ਆਪਣੇ ਆਪ ਵਿਚ ਤਿਨ੍ਹਾਂ ਦੇ ਦਾਸ ਬਣਦੇ ਹਨ ।

ਗੋਬਿੰਦ ਗੁਣੀ ਨਿਧਾਨ ਸਚੇ ਧਣੀ ਦਾ ਅਗਮ



www.AKJ.Org

ਰੂਪ ਹੈ। ਗੁਰਮਤਿ ਨਾਮ ਦੁਆਰਾ ਇਸ ਅਗਮ ਰੂਪ ਦਾ ਦਰ ਭੀ ਜੋਹ ਲਈਦਾ ਹੈ। ਨਾਮ ਦਾ ਸਚਾ ਵਾਪਾਰ ਵਾਪਾਰਨ ਕਰਿ, ਮੁਕਤ ਭੰਡਾਰੜਾ ਮੇਲ-ਮਿਲਾਪ ਐਸਾ ਹੋਇ ਆਉਂਦਾ ਹੈ ਕਿ ਫੇਰ ਮੇਲ ਚੁਕਦਾ ਹੀ ਨਹੀਂ, ਯਥਾ ਗੁਰਵਾਕ :—

ਅਗਮ ਰੂਪੁ ਗੋਬਿੰਦ ਕਾ ਅਨਿਕ ਨਾਮ ਅਪਾਰ ॥
ਧਨੁ ਧੰਨੁ ਤੇ ਜਨ ਨਾਨਕਾ, ਜਿਨ ਹਰਿਨਾਮਾ
ਉਰਿਧਾਰ ॥ [ਮਾਲੀ ਗਉੜਾ ਮ: ੫, ਪੰਨਾ ੯੮੬
ਅਗਮ ਅਗੋਚਰੁ ਤੂ ਧਣੀ ਅਵਿਗਤੁ ਅਪਾਰਾ ॥
ਗੁਰ ਸਬਦੀ ਦਰੁ ਜੋਈਐ ਮੁਕਤੇ ਭੰਡਾਰਾ ॥
ਨਾਨਕ ਮੇਲੁ ਨ ਚੁਕਈ ਸਾਚੇ ਵਾਪਾਰਾ ॥੮॥੧॥

[ਮਾਰੂ ਅਸਟਪਦੀਆ ਮ: ੧, ਪੰਨਾ ੧੦੦੯

ਇਕ ਗੁਰਮਤਿ ਨਾਮ ਹੀ ਚਾਰ ਜੁਗ ਉਧਾਰਨ-ਹਾਰਾ ਹੈ, ਤਾਂਤੇ ਗੁਰਮੁਖਿ ਨਾਮ ਸਾਲਾਹਿਆਂ ਹੀ ਅਗਮ ਅਗੋਚਰ ਬੇਪਰਵਾਹ ਦੇ ਦਰਸ਼ਨ ਹੁੰਦੇ ਹਨ :—

ਗੁਰਮੁਖਿ ਨਾਮਿ ਸਬਦਿ ਸਾਲਾਹੇ ॥ ਅਗਮ
ਅਗੋਚਰ ਵੇਪਰਵਾਹੇ ॥ ਏਕ ਨਾਮਿ ਜੁਗ ਚਾਰਿ
ਉਧਾਰੇ, ਸਬਦੇ ਨਾਮ ਵਿਸਾਹਾ ਹੇ ॥੧੧॥

[ਮਾਰੂ ਮ: ੩, ਪੰਨਾ ੧੦੫੫

ਤਥਾ :—

ਅਗਮ ਨਿਗਮੁ ਸਤਿਗੁਰੂ ਦਿਖਾਇਆ ॥ ਕਰਿ
ਕਿਰਪਾ ਅਪਨੈ ਘਰਿ ਆਇਆ ॥ ਅੰਜਨ ਮਾਹਿ
ਨਿਰੰਜਨੁ ਜਾਤਾ, ਜਿਨ ਕਉ ਨਦਰਿ ਤੁਮਾਰੀ
ਜੀਉ ॥੬॥ [ਮਾਰੂ ਅਸਟਪਦੀ ਮ: ੩, ਪੰਨਾ ੧੦੧੬

ਜਿਨ੍ਹਾਂ ਨੂੰ ਨਦਰ ਹੋਈ ਹੈ, ਤਿਨ੍ਹਾਂ ਨੇ ਅੰਜਨ ਮਾਹਿ ਹੀ ਨਿਰੰਜਨ ਨੂੰ ਪਾ ਲਿਆ ਹੈ, ਕਿਰਪਾ ਕਰ ਕੇ ਸਤਿਗੁਰੂ ਨੇ ਹੀ ਘਟ ਅੰਦਰ ਲਿਆ ਕੇ ਅਗਮ ਨਿਗਮ ਨੂੰ ਦਿਖਾਇ ਦਿਤਾ ਹੈ :—

ਅਗਮੁ ਅਗੋਚਰੁ ਗੁਰੂ ਦਿਖਾਇਆ ॥ ਭੂਲਾ
ਮਾਰਗਿ ਸਤਿਗੁਰਿ ਪਾਇਆ ॥ ਗੁਰ-ਸੇਵਕ ਕਉ
ਬਿਘਨੁ ਨ ਭਗਤੀ, ਹਰਿ ਪੂਰਿ ਦ੍ਰਿੜਾਇਆ
ਗਿਆਨਾ ਹੇ ॥੫॥ ਗੁਰਿ ਦ੍ਰਿਸਟਾਇਆ ਸਭਨੀ
ਠਾਂਈ ॥ ਜਲਿ ਥਲਿ ਪੂਰਿ ਰਹਿਆ ਗੋਸਾਈ ॥
ਊਚ ਊਨ ਸਭ ਏਕ ਸਮਾਨਾਂ, ਮਨਿ ਲਾਗਾ ਸਹਜਿ
ਧਿਆਨਾ ਹੇ ॥੬॥

[ਮਾਰੂ ਸੋਲਹੇ ਮ: ੫, ਪੰਨਾ ੧੦੭੫

ਕੁਮਾਰਗੀ ਭੁਲੇ ਭਟਕੇ ਸੰਸਾਰੀਆਂ ਨੂੰ ਸਤਿਗੁਰੂ ਨੇ ਹੀ ਸੁਮਾਰਗ ਪਾਇਆ ਹੈ। ਸੁਮਾਰਗ ਪਾ ਕੇ ਅਗਮ ਅਗੋਚਰ ਦਾ ਦਰਸ਼ਨ ਭੀ ਕਰਾਇਆ ਹੈ। ਗੁਰ-ਸਬਦ ਸਿਮਰਨ ਸੇਵਨਹਾਰਿਆਂ ਗੁਰਸੇਵਕਾਂ ਦੀ ਅਨਿੰਨ ਭਗਤੀ ਵਿਚ ਵਿਘਨ ਕਦੇ ਨਹੀਂ ਪੈਂਦਾ, ਕਿਉਂਕਿ ਸਤਿਗੁਰੂ ਨੇ ਤਿਨ੍ਹਾਂ ਨੂੰ ਪੂਰਾ ਪੂਰਾ ਗਿਆਨ ਦ੍ਰਿੜ੍ਹਾਇਆ ਹੈ। ਸਤਿਗੁਰੂ ਨੇ ਗੁਰਮੁਖਾਂ ਸਿਖਾਂ ਤਾਈਂ ਗੋਸਾਈਂ ਪ੍ਰੀਤਮ ਨੂੰ ਜਲਿ ਥਲਿ ਵਿਚ ਸਭਨੀ ਥਾਈਂ ਦਿਖਾਇ ਦਿਤਾ ਹੈ। ਤਿਨ੍ਹਾਂ ਦਾ ਊਚ ਨੀਚ ਵਿਖੇ ਸਮਾਨ ਹੀ ਧਿਆਨ ਲਗ ਜਾਂਦਾ ਹੈ।

[ਪੁਸਤਕ 'ਅਣਜਿਠੀ ਦੁਨੀਆ ਵਿਚੋਂ'

## ਅਠ-ਪਹਿਰੀ ਕੁੰਜੀ

ਅੰਮ੍ਰਿਤ ਵੇਲੇ ਦੀ ਇਕ-ਪਹਿਰੀ ਸਾਵਧਾਨਤਾ ਸਹਿਤ ਨਾਮ-ਅਭਿਆਸ ਕੀਤਾ ਹੋਇਆ ਮਾਨੋ ਅਠ-ਪਹਿਰੀ ਕੁੰਜੀ ਲਗ ਜਾਂਦੀ ਹੈ, ਜਿਸ ਦੇ ਤਾਣ ਸੁਤੇ ਸੁਭਾਵ ਹੀ ਨਾਮ-ਅਭਿਆਸ ਦੀ ਸੁਆਸਾਂ ਰੂਪੀ ਘੜੀ ਦਾ ਪੈਂਡੂਲਮ ਪੰਚ-ਦੂਤ-ਦਮਨੀ ਖੰਡੇ ਦੀ ਖੜਕਾਟ ਵਾਲੀ ਸਹਿਜ ਰਫ਼ਤਾਰ ਵਿਚ ਚਲਦਾ ਰਹਿੰਦਾ ਹੈ। ਖ਼ਾਸ ਕਰ ਜਿਨ੍ਹਾਂ ਗੁਰਮਤਿ ਜਗਿਆਸੂਆਂ ਨੂੰ ਖੰਡੇ ਦੇ ਅੰਮ੍ਰਿਤ-ਸੰਚਾਰ (ਛਕਣ) ਸਮੇਂ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਨਾਮ ਦੀ ਕਮਾਈ ਵਾਲੇ ਪੰਜਾਂ ਪਿਆਰਿਆਂ ਦੁਆਰਾ ਨਾਮ-ਅਭਿਆਸ ਦ੍ਰਿੜ੍ਹ ਹੋ ਚੁਕਾ ਹੋਵੇ, ਉਨ੍ਹਾਂ ਦੇ ਘਟ ਅੰਤਰ ਤਾਂ ਉਸੇ ਦਿਨ ਹੀ ਅਖੰਡ ਚਾਬੀ ਲਗ ਗਈ ਜਾਣੋ। ਉਨ੍ਹਾਂ ਲਈ ਅੰਮ੍ਰਿਤ ਵੇਲੇ ਦੀ ਨਾਮ-ਅਭਿਆਸ-ਕਮਾਈ ਸੋਨੇ ਤੇ ਸੁਹਾਗੇ ਦਾ ਰੰਗ ਦਿੰਦੀ ਹੈ।

[ਭਾ: ਸਾ: ਭਾ: ਰਣਧੀਰ ਸਿੰਘ ਜੀ



www.AKJ.Org

# ਸੰਗੀਤ-ਰਸ ਅਤੇ ਕੀਰਤਨ-ਰਸ

[ ਵਲੋਂ—ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ ]

ਸੰਗੀਤ ਇਕ ਨਿਰੀ ਗਾਇਨ ਵਿਦਿਆ ਹੈ। ਸੰਗੀਤ ਰਸ ਅਰਥਾਤ ਗਾਇਨ ਰਸ ਭਾਵੇਂ ਕਿੰਨਾ ਹੀ ਉਚਾ ਹੋਵੇ, ਫੇਰ ਵੀ ਇਕ ਸਰੀਰਕ ਰਸ ਹੀ ਹੈ। ਮੰਨਿਆ ਕਿ ਸਰੀਰ ਦੇ ਸਾਰੇ ਰਸਾਂ ਵਿਚੋਂ ਉਚਾ ਰਸ ਹੈ, ਪਰ ਹੈ ਤਾਂ ਸਰੀਰਕ ਵਿਸ਼ੈਣੀ ਰਸ ਹੀ ਨਾ। ਆਮ ਬਾਜੇ ਗਾਜੇ ਗਨਿਕਾ-ਗਤੰਤਰੀ ਰਸਾਂ ਵਾਲਾ ਸੰਗੀਤ-ਰਸ ਸਰੀਰਕ ਵਿਸ਼ਿਆਂ ਵਾਲੇ ਰਸ ਤੋਂ ਉਚੇਰਾ ਨਹੀਂ ਲੈ ਜਾ ਸਕਦਾ ਅਤੇ ਸਥੂਲ ਰਸਾਂ ਤੋਂ ਵੈਰਾਗਮਾਨ ਨਹੀਂ ਕਰਾਉਂਦਾ, ਸਗੋਂ ਵਧੇਰੇ ਖਚਿਤ ਕਰਾਉਂਦਾ ਹੈ, ਜੈਸੇ ਕਿ ਥੀਏਟਰ ਰਸਾਂ ਦੇ ਨਾਟਕੀ ਚੇਟਕੀ ਚੰਗੀ ਤਰ੍ਹਾਂ ਜਾਣੂ ਹਨ।

ਸਥੂਲ ਰਸਾਂ ਤੋਂ ਉਚਿਆਂ ਸਚੇ ਵਿਸਮਾਦ ਰਸਾਂ ਵਿਚ ਲੈ ਜਾਣ ਵਾਲਾ ਕੇਵਲ ਕੀਰਤਨ-ਅਨੰਦ ਰਸ ਹੈ, ਸੰਗੀਤ ਰਸ ਨਹੀਂ।

ਗੁਰਬਾਣੀ ਦਾ ਕੀਰਤਨ ਵਿਸਮਾਦ ਰੰਗਾਂ ਵਿਚ ਉਡਾਰੀ ਦੇਣ ਨੂੰ ਸਮਰਥ ਹੈ। ਸੋ ਹਰਿ-ਕੀਰਤਨ ਨੂੰ ਆਮ ਸੰਗੀਤ ਪਦ ਨਾਲ ਤੁਲਤਾ ਨਹੀਂ ਦਿਤੀ ਜਾ ਸਕਦੀ।

ਸੁੰਦਰਤਾ ਦਾ ਅਚਾਨਕ ਝਲਕਾ ਵਜਣ ਤੋਂ, ਅਥਵਾ ਕਿਸੇ ਤਰ੍ਹਾਂ ਸਰੀਰਕ ਰਸਾਂ ਤੋਂ ਊਰਧ-ਗਾਮੀ ਹੋ ਜਾਣ ਤੋਂ, ਜਾਂ ਸੰਗੀਤ ਆਦਿ ਦੇ ਪ੍ਰਭਾਵ ਤੋਂ **ਗੁਰਮਤਿ ਵਿਸਮਾਦ ਰਸ** ਨਹੀਂ ਉਪਜਦਾ। ਆਮ ਰਾਗਾਂ ਦਾ ਰਸ ਭਲਾ ਨਹੀਂ —

ਸਭਨਾ ਰਾਗਾਂ ਵਿਚ ਸੋ **ਭਲਾ** ਭਾਈ,
ਜਿਤੁ ਵਸਿਆ ਮਨਿ ਆਇ ॥

ਐਸਾ—ਰਾਗੁ ਨਾਦੁ ਸਭ ਸਚੁ ਹੈ ਕੀਮਤਿ ਕਹੀ ਨ ਜਾਇ ॥

ਸੋ ਐਸਾ ਰਾਗ ਜਾਂ ਸੰਗੀਤ ਕੇਵਲ ਹਰਿ-ਕੀਰਤਨ ਹੀ ਹੈ। ਸ਼ਬਦ ਅਥਵਾ ਸ਼ਬਦ-ਕੀਰਤਨ ਵਾਲੇ ਰਾਗ ਅਰਥਾਤ ਸ਼ਬਦ ਦੁਆਰਾ ਕੀਤੇ ਰਾਗ-ਨਾਦ ਹੀ ਸੋਹਣੇ ਹਨ —

ਰਾਗ ਨਾਦ **ਸਬਦਿ ਸੋਹਣੇ**,
ਜਾ ਲਾਗੈ ਸਹਜਿ ਧਿਆਨੁ ॥

ਨਹੀਂ ਤਾਂ ਆਨ ਸ਼ਬਦ ਰਸ, ਸ਼ਬਦ-ਕੀਰਤਨ-ਰਸ ਹੀਣੇ

ਰਾਗ ਨਾਦ ਛੋਡਿ ਹਰਿ ਸੇਵੀਐ,
ਤਾ ਦਰਗਹ ਪਾਈਐ ਮਾਨੁ ॥

ਪੁਨਾ—ਨ ਭੀਜੈ ਰਾਗੀ ਨਾਦੀ ਬੇਦਿ ॥

ਸੋ ਪੰਚਮ ਪਾਤਸ਼ਾਹ ਜੀ ਨੇ ਗੁਰਬਾਣੀ ਦਾ ਉਚਾਰਨ ਇਲਾਹੀ ਕੀਰਤਨ-ਨਾਦ ਦੀ ਧੁਰੋਂ ਬਣੀ-ਬਣਾਈ ਵਿਉਂਤ ਵਿਚ ਕੀਤਾ, ਤੇ ਏਸ ਦਾ ਉਚਾਰਨ ਓਦੋਂ ਹੋਇਆ ਜਦ ਕਿ ਬਾਣੀ ਹੁਕਮ ਏਜ਼ਦੀ (ਅਕਾਲੀ) ਅੰਦਰ ਧੁਰੋਂ ਆਈ।

[ਪੁਸਤਕ 'ਗੁਰਮਤਿ ਲੇਖ' ਵਿਚੋਂ

---

# ਜਾਤ-ਪਾਤ

[ ਵਲੋਂ—ਜਨਰਲ ਗੁਰਨਾਮ ਸਿੰਘ ਜੀ ]

ਈਸ਼ਵਰ ਦੇ ਭਗਤਾਂ ਦੀ ਕੋਈ ਜਾਤ-ਪਾਤ ਨਹੀਂ ਹੁੰਦੀ। ਹੁਕਮ ਹੈ—

ਫਕੜ ਜਾਤੀ ਫਕੜੁ ਨਾਉ ॥ ਸਭਨਾ ਜੀਆ ਇਕਾ ਛਾਉ ॥
ਪੁਨਾ—"ਜਾਤੀ ਦੈ ਕਿਆ ਹਥਿ ? ਸਚ ਪਰਖੀਐ ॥"
ਫਿਰ—"ਅਗੈ ਜਾਤਿ ਨ ਜੋਰੁ ਹੈ, ਅਗੈ ਜੀਉ ਨਵੇ ॥"

ਇਸ ਕਰਕੇ ਜਾਤ-ਪਾਤ ਦਾ ਖ਼ਿਆਲ ਨਾ ਕਰ ਕੇ ਹਰ ਇਕ ਨਾਲ ਪ੍ਰੇਮ ਕਰਨਾ ਚਾਹੀਦਾ ਹੈ—

ਕੋਊ ਭਯੋ ਮੁੰਡੀਆ ਸੰਨਯਾਸੀ, ਕੋਊ ਯੋਗੀ ਭਯੋ,
ਭਯੋ ਬ੍ਰਹਮਚਾਰੀ ਕੋਊ ਯਤੀ ਅਨੁਮਾਨਬੋ ॥
ਹਿੰਦੂ ਔ ਤੁਰਕ ਕੋਊ ਰਾਫ਼ਜ਼ੀ ਇਮਾਮ ਸਾਫੀ,
ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ ॥



www.AKJ.Org

# ਸਵਰਨ-ਰੰਗੀ ਭਾਈ ਸਰਵਣ ਸਿੰਘ

[ ਵਲੋਂ : ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ ]

ਇਨ੍ਹਾਂ ਦੇ ਸਾਰੇ ਸਰੀਰ ਦਾ ਰੰਗ ਤਾਂ ਨਿਰੋਲ ਸੁਰਮਈ (ਸਿਆਹ ਫ਼ਾਮ) ਸੀ, ਪਰੰਤੂ ਇਨ੍ਹਾਂ ਦੇ ਨਾਮ-ਰੰਗਾਂ ਨਾਲ ਦਗ ਦਗ ਕਰਦੇ ਮਸਤਕ ਅਤੇ ਚਿਹਰੇ ਵਿਚੋਂ ਸਵਰਨ (ਸੋਨੇ) ਦੇ ਰੰਗਾਂ ਦੀਆਂ ਕਿਰਨਾਂ ਹਰ ਵਕਤ ਪੈਂਦੀਆਂ ਰਹਿੰਦੀਆਂ ਸਨ । ਇਸ ਕਰਕੇ ਇਸ ਵੀਰ ਦਾ ਨਾਮ ਦਾਸ ਨੇ ਸਵਰਨ-ਰੰਗੀ ਭਾਈ ਸਰਵਣ ਸਿੰਘ ਪਾ ਲਿਆ ਸੀ । ਫਲੇਵਾਲੀਏ ਭਾਈ ਸਰਵਣ ਸਿੰਘ ਤੋਂ ਭਿੰਨ ਇਹ ਇਕ ਹੋਰ ਭਾਈ ਸਰਵਣ ਸਿੰਘ ਹੋਏ ਹਨ, ਜਿਨ੍ਹਾਂ ਦੇ ਥਾਨ ਮੁਕਾਮ ਅਤੇ ਨਿਵਾਸ-ਥਾਨ ਦਾ ਕੋਈ ਪਤਾ ਨਹੀਂ । ਕਿਸੇ ਅਗਮ ਗੜ੍ਹ ਵਿਚੋਂ ਹੀ ਪਰਗਟ ਹੋ ਕੇ ਸਾਡੇ ਜੇਲ੍ਹ ਜਾਣ ਤੋਂ ਕੁਝ ਸਾਲ ਪਹਿਲਾਂ ਜਥੇ ਵਿਚ ਆ ਸ਼ਾਮਲ ਹੋਏ । ਆਵਣ-ਸਾਰ ਹੀ ਅੰਮ੍ਰਿਤ ਛਕ ਲਿਆ ਅਤੇ ਅੰਮ੍ਰਿਤ ਛਕਣ-ਸਾਰ ਹੀ ਅਮਰ ਅਟਾਰਿਆਂ ਤੇ ਜਾ ਚੜ੍ਹੇ । ਗੁਰਮੁਖੀ ਦਾ ਇਕ ਅਖਰ ਵੀ ਨਹੀਂ ਜਾਣਦੇ ਸਨ । ਗੁਰਬਾਣੀ ਦਾ ਕੋਈ ਸ਼ਬਦ ਵੀ ਉਨ੍ਹਾਂ ਦੇ ਕੰਠਾਗਰ ਨਹੀਂ ਸੀ । ਇਹ ਵੀਰ ਉਕਾ ਹੀ ਅਨਪੜ੍ਹ ਸੀ, ਪਰੰਤੂ ਗੁਰਬਾਣੀ ਦੇ ਇਸ ਵਾਕ ਅਨੁਸਾਰ :—

"ਜੋ ਪਰਾਨੀ ਗੋਬਿੰਦ ਧਿਆਵੈ ॥
ਪੜਿਆ ਅਨਪੜਿਆ ਪਰਮਗਤਿ ਪਾਵੈ ॥

ਇਸ ਨੂੰ ਬੜੀ ਅਗਮ ਗੁਰਮਤਿ ਬਿਵਸਥਾ ਦੀ ਗੰਮਤਾ ਪਰਾਪਤ ਸੀ, ਸੇਵਾ ਦਾ ਪੁਤਲਾ ਸੀ । ਮਾਨੋ ਸੇਵਾ ਦਾ ਸਰੂਪ ਹੀ ਬਣ ਕੇ ਅਵਤਰਿਆ ਹੋਇਆ ਹੈ । ਅਜੇ ਚੇਹਰੇ ਉਤੇ ਲੂਈਂ ਨਹੀਂ ਫੁਟੀ ਸੀ, ਅਨਦਾੜ੍ਹੀਆ ਹੀ ਸੀ । ਜਿਉਂ ਆ ਕੇ ਸੇਵਾ ਵਿਚ ਜੁਟਿਆ ਹੈ ਦਿਨੇ ਰਾਤ ਜੁਟਿਆ ਹੀ ਰਿਹਾ ਕਰੇ । ਨਾਮ ਅਭਿਆਸ ਦਾ ਬੜਾ ਹੀ ਧਨੀ ਸੀ, ਸਵਾਸ ਸਵਾਸ ਨਾਮ-ਕਲਾ ਵਿਚ ਨਿਪੁੰਨ ਸੀ । ਅਖੰਡਪਾਠ ਅਤੇ ਅਖੰਡ ਕੀਰਤਨ ਸਮਾਗਮਾਂ ਵਿਚ ਹਰ ਪਰਕਾਰ ਦੀ ਸੇਵਾ ਨਿਸ਼ਕਾਮਤਾ ਸਹਿਤ ਸਿਰ ਤੇ ਚੁਕੀ ਹੋਈ ਸੀ, ਸਾਰੀ ਸੰਗਤ ਦੇ ਲੰਗਰ ਸਜਾਵਣੇ, ਚਾਹੇ ਕਿਤਨੀਆਂ ਹੀ ਸੰਗਤਾਂ ਆ ਜਾਣ, ਹਥੀਂ ਸਾਰੀ ਸੰਗਤ ਦੀ ਸੇਵਾ ਹਰ ਪ੍ਰਕਾਰ ਦੀ ਕਰਨੀ, ਸਾਰੀਆਂ ਸੰਗਤਾਂ ਦੇ ਜੂਠੇ ਭਾਂਡੇ ਮਾਂਜਣੇ, ਮਜਾਲ ਹੈ ਕੋਈ ਹੋਰ ਮਾਂਜ ਜਾਵੇ । ਲੰਗਰ ਦੇ ਸਰਬਲੋਹੀ ਬਰਤਨਾਂ ਨੂੰ ਮਾਂਜ ਸਵਾਰ ਕੇ ਚਮਕਾ ਕੇ ਰਖਣਾ । ਹਰ ਇਕ ਸਮਾਗਮੀ ਅਸਥਾਨ ਉਤੇ ਬਰਤਨਾਂ ਦੀ ਬੋਰੀ ਸਿਰ ਤੇ ਚੁਕ ਕੇ ਲੈ ਜਾਣੀ, ਜੋੜੀ ਵਾਜੇ ਨੂੰ ਵੀ ਗਹੇ ਮਾਰ ਲੈਣਾ । ਮੋਢੇ ਤੇ ਹੋਰ ਸਾਰਾ ਸਮਾਨ ਵੀ ਚੁਕ ਤੁਰਨਾ । ਕਿਸੇ ਨੂੰ ਕੱਖ ਵੀ ਖੜਨ ਨ ਦੇਣਾ । ਇਸ ਦੀ ਪਰਮ ਅਧੀਨਗੀ ਸਹਿਤ ਬੇਨਤੀ ਅਨੁਸਾਰ ਅਖੰਡ ਪਾਠ ਸਮਾਗਮਾਂ ਦੇ ਐਨ ਨਿਕਟ ਹੀ ਲੰਗਰ-ਅਸਥਾਨ ਰਖਿਆ ਹੋਇਆ ਹੁੰਦਾ ਸੀ, ਜਿਥੇ ਕਿ ਅਖੰਡ ਪਾਠ ਦੀ ਧੁੰਨੀ ਸੁਗਮਤਾ ਸਹਿਤ ਹੀ ਇਸ ਵੀਰ ਦੇ ਕੰਨਾਂ ਵਿਚ ਪੈਂਦੀ ਰਹਿੰਦੀ । ਬਸ ਇਸ ਵੀਰ ਦਾ ਇਹੋ ਇਕੋ ਇਕ ਪ੍ਰੇਮ ਭਰਿਆ ਸ਼ੌਕ ਸੀ ਕਿ ਨਾਲੇ ਅਖੰਡਪਾਠ ਸੁਣੇ ਨਾਲੇ ਹੀ ਲੰਗਰ ਦੀ ਸੇਵਾ ਨਿਬਾਹੇ । ਸਾਲਾਂ ਬਧੀ ਇੰਜ ਨਿਭਦੀ ਰਹੀ ਕਿ ਸਾਰੀ ਸੰਗਤ ਵਿਖੇ ਇਹ ਸੱਜਣ ਗੁਪਤ ਲੁਪਤ ਹੀ ਵਰਤਦਾ ਰਿਹਾ । ਕਿਸੇ ਨੂੰ ਵੀ ਇਸ ਦੀ ਗੂੜ੍ਹ ਆਤਮ ਬਿਰਤੀ ਦੀ ਅਪਾਰ ਪਹੁੰਚ ਦਾ ਕੁਝ ਪਤਾ ਨਹੀਂ ਸੀ, ਪਰੰਤੂ ਜਿਨ੍ਹਾਂ ਨੂੰ ਇਸ ਦੇ ਨਾਲ ਗਹਿਰ ਗੰਭੀਰਾ ਵਾਹ ਪਿਆ ਸੀ ਉਹੀ ਜਾਣਦੇ ਸਨ ਇਸ ਦੀ ਸਾਰ ।

ਨਿਰਮਾਣ ਅਤੇ ਨਿਸ਼ਕਾਮ ਅਤੁਟ ਸੇਵਾ ਦਾ ਸੁਤੇ ਸੁਭਾਵ ਹੀ ਫਲ ਇਸ ਨੂੰ ਇਹ ਪ੍ਰਾਪਤ ਹੋਇਆ ਕਿ ਨਾਮ ਰੰਗਾਂ ਵਿਚ ਇਸ ਦੀ ਬਿਰਤੀ ਐਸੀ ਅਰੂੜ ਹੋਈ ਕਿ ਬੜੇ ਬੜੇ ਗਿਆਨੀਆਂ ਗੁਣੀਆਂ ਦੀ ਵੀ ਨਹੀਂ । ਆਗਮ ਨਿਗਮ ਦੀਆਂ ਗੱਲਾਂ ਇਸ ਨੂੰ ਸੁਤੇ ਸੁਭਾਵ ਹੀ ਸੁਫੁਰਨ ਹੋਣ ਲਗ ਪਈਆਂ । ਉਠਦਾ, ਬੈਠਦਾ, ਤੁਰਦਾ, ਫਿਰਦਾ, ਹਰ ਛਿਨ ਹੀ ਇਹ ਪਿਆਰਾ ਅਖੰਡਾਕਾਰ ਅਭਿਆਸ ਦੇ ਰੰਗਾਂ ਵਿਚ ਸੰਧੂਰਤ ਰਹਿੰਦਾ ਸੀ । ਕਿਸੇ ਨੂੰ ਜਣਾਉਣ ਦਾ ਕੁਛ ਖ਼ਿਆਲ ਨਹੀਂ ਸੀ । ਨਾ ਕੋਈ ਇਸ ਦੀ ਵਡਿਆਈ ਉਪਮਾ ਕਰਦਾ ਸੀ ਅਤੇ ਨਾ ਹੀ ਇਸ ਨੂੰ ਵਡਿਆਈ ਉਪਮਾ ਕਰਾਉਣ ਦਾ ਭੁਸ ਹੀ ਸੀ । ਅੰਮ੍ਰਿਤ ਵੇਲੇ ਦੋ ਵਜੇ ਉਠ ਕੇ ਸਾਰੇ ਸਿੰਘਾਂ



www.AKJ.Org

ਨੂੰ ਇਸ਼ਨਾਨ ਕਰਵਾਣੇ, ਪਿਛੋਂ ਆਪ ਇਸ਼ਨਾਨ ਕਰਨਾ। ਫੇਰ ਇਕ ਗੁਠੇ ਬੈਠ ਕੇ ਗੁਪਤੋ ਗੁਪਤ ਹੀ ਗੁਰਬਾਣੀ ਦਾ ਨਿਤਨੇਮ ਸੁਣਨਾ, ਨਾਲੋ ਨਾਲ ਹੀ ਸਵਾਸ ਸਵਾਸ ਨਾਮ ਅਭਿਆਸ ਕਰੀ ਜਾਣਾ, ਇਹ ਇਸ ਦਾ ਨਿਤ ਦਾ ਕੰਮ ਸੀ। ਅਸੀਂ ਕਦੇ ਇਸ ਨੂੰ ਸੌਂਦਾ ਨਹੀਂ ਦੇਖਿਆ, ਸਤਸੰਗਤ ਬਿਨਾਂ ਕੁਸੰਗਤ ਵਿਚ ਭੌਂਦਾ ਨਹੀਂ ਦੇਖਿਆ। ਇਕੋ ਵਿਹਾਰ ਇਸ ਦਾ ਨਾਮ ਸੇਵਾ ਦੀ ਕਾਰ ਹੀ ਸੀ। ਅਖੰਡਪਾਠ ਸਮਾਗਮਾਂ ਅੰਦਰ ਜਿੰਨਾ ਚਿਰ ਲੰਗਰ ਦੀ ਸੇਵਾ ਰਹਿਣੀ ਉਨਾ ਚਿਰ ਲੰਗਰ ਵਿਚ ਹੀ ਇਸ ਨੇ ਰਹਿਣਾ। ਹੱਥ ਪੈਰ ਸੇਵਾ ਵਿੱਚ ਲਗੇ ਰਹਿਣਾ। ਸ੍ਰਵਣਾਂ ਕਰਕੇ ਸਰੋਤ ਸੁਰਤੀ ਅਖੰਡਪਾਠ ਦੇ ਸੁਣਨ ਵਿਚ ਹੀ ਲਗੀ ਰਹਿਣੀ। ਜਦੋਂ ਲੰਗਰ ਦਾ ਕੰਮ-ਕਾਜ ਮੁਕ ਜਾਣਾ ਤਾਂ ਨਿਰੋਲ ਸਮਾਧ-ਸਥਿਤ ਹੋ ਕੇ ਅਖੰਡਪਾਠ ਮੰਡਲ ਦੇ ਸਰੋਤਿਆਂ ਵਿਚ ਜੁੜ ਕੇ ਬੈਠ ਜਾਣਾ। ਬੈਠਣਾ ਐਸੀ ਜਗ੍ਹਾ ਤੇ, ਜਿਥੇ ਆਮ ਜਨਤਾ ਦੀ ਨਿਗਾਹ ਨਾ ਪੈ ਸਕੇ। ਆਮ ਲੋਕਾਂ ਦੀਆਂ ਨਜ਼ਰਾਂ ਵਿਚ ਇਹ ਐਵੇਂ ਹੀ ਐਲਾ ਮੇਲਾ ਸਿਖ ਹੀ ਜਾਪਦਾ ਸੀ। ਰਤਨ ਜਵਾਹਰਾਂ ਦੀ ਸਾਰ ਜੋਹਰੀ ਹੀ ਜਾਣਦੇ ਹਨ, ਆਮ ਅਨਜਾਣਾਂ ਨੂੰ ਕੀ ਪਤਾ। ਨਿਹਕਾਮ ਹੋ ਕੇ ਸੇਵਾ ਕਰਨ ਦਾ, ਅਤੇ ਨਿਹਕਾਮ ਸੇਵਾ ਦੇ ਕਾਰਨ, ਨਾਮ ਦੀਆਂ ਅਤਿ ਚੜ੍ਹਦੀਆਂ ਕਲਾਂ ਦੇ ਹੋਣ ਦਾ ਪਰਤਾਪ ਇਹ ਵਰਤਿਆ ਕਿ ਰਿਧੀ ਸਿਧੀ ਇਸ ਨੂੰ ਸੁਤੇ ਹੀ ਸੁਫੁਰਨ ਹੋਣ ਲਗ ਪਈ। ਪਰ ਇਸ ਦੀ ਰਿਧੀ ਸਿਧੀ ਫੁਰਨ ਦਾ ਨਾ ਹੀ ਇਸ ਨੂੰ ਗਰਬ ਗੁਮਾਨ ਸੀ, ਨਾ ਹੀ ਕਿਸੇ ਹੋਰ ਨੂੰ ਕੁਝ ਪਤਾ ਸੀ। ਹੋਰ ਤਾਂ ਹੋਰ ਇਸ ਦਾਸਰੇ ਨੂੰ ਵੀ ਕੁਝ ਪਤਾ ਨਹੀਂ ਸੀ ਕਿ ਇਹ ਕਿਹੜੀਆਂ ਗੁਪਤ ਖੇਡਾਂ ਵਿੱਚ ਖੇਡਦਾ ਸੀ।

ਇਕ ਦਿਨ ਇਸ ਦੀ ਗੁਪਤ ਖੇਡ ਦਾ ਸੁਤੇ ਹੀ ਪਤਾ ਲਗ ਗਿਆ ਅਤੇ ਉਹ ਇਉਂ ਲਗਾ:— ਕਿ ਜੇਠ ਹਾੜ ਦੇ ਦਿਨਾਂ ਵਿਚ ਸਾਰੇ ਜਥੇ ਨੇ ਨਾਭੇ ਤੋਂ ਹੋ ਕੇ ਇਕ ਪਿੰਡ ਵਿਖੇ ਕਿਸੇ ਗੁਰਮੁਖ ਦੇ ਗ੍ਰਿਹਿ ਵਿਚ ਰਖੇ ਅਖੰਡ ਪਾਠ ਤੇ ਜਾਣ ਦੀ ਤਿਆਰੀ ਕੀਤੀ। ਨਾਲ ਇਹ ਵੀਰ ਭਾਈ ਸਰਵਣ ਸਿੰਘ ਸਵਰਨ-ਰੰਗੀ ਵੀ ਤਿਆਰ ਹੋ ਪਿਆ। ਦਾਸ ਦੇ ਦਸਤਾਰਾ ਸਜਾਂਵਦੇ ਸਜਾਂਵਦੇ ਇਹ ਮੰਜੇ ਤੇ ਬੈਠਾ ਬੈਠਾ ਠੋਂਕਾ ਲਾਣ ਲਗ ਪਿਆ, ਐਵੇਂ ਤੁਰਦਾ ਫਿਰਦਾ ਹੀ ਕਿਧਰੇ ਅੱਖ ਲਾ ਜਾਂਦਾ ਸੀ। ਅਜੇ ਪੰਜ ਦਸ ਮਿੰਟ ਹੀ ਹੋਏ ਸਨ ਕਿ ਵਾਹਿਗੁਰੂ ਵਾਹਿਗੁਰੂ ਕਰਦਾ ਅਬੜਵਾਹੇ ਉਠਿਆ ਤੇ ਉਠ ਖਲੋਤਾ ਹੋਇਆ। ਇਸ ਦੇ ਚੇਹਰੇ ਉਤੇਂ ਹੈਰਾਨਗੀ ਅਤੇ ਪਰੇਸ਼ਾਨਗੀ ਦੇ ਚਿੰਨ੍ਹ ਦੇਖ ਕੇ ਦਾਸ ਨੇ ਇਸ ਨੂੰ ਪੁਛਿਆ ਕਿ ਭਾਈ ਸਰਵਣ ਸਿੰਘ ਜੀ, ਕੀ ਕੋਈ ਚਮਤਕਾਰ ਦੇਖਿਆ ਹੈ ? ਤਾਂ ਉਤਰ ਵਿਚ ਭੋਲੇ-ਭਾ ਹੀ ਇਉਂ ਆਖਣ ਲਗਾ, "ਕਿ ਕੀ ਦਸਾਂ ਜੀ, ਐਸਾ ਚਮਤਕਾਰ ਦੇਖਿਆ ਹੈ ਕਿ ਇਕ ਜਗ੍ਹਾ ਅਖੰਡਪਾਠ ਹੋ ਰਿਹਾ ਹੈ। ਮੈਂ ਵੀ ਲੰਗਰ ਦੇ ਅਸਥਾਨ ਤੇ ਲੰਗਰ ਦੀ ਸੇਵਾ ਕਰ ਰਿਹਾ ਹਾਂ ਕਿ ਇਤਨੇ ਨੂੰ ਇਕ ਅਖੰਡ ਪਾਠੀ ਸਜਣ ਲੰਗਰ ਵਿਚ ਆਉਂਦਾ ਹੈ। ਮੈਨੂੰ ਤਾਂ ਉਹ ਤੁਹਾਡੇ ਵਰਗਾ ਹੀ ਜਾਪਦਾ ਹੈ। ਲੰਗਰ ਕੋਲ ਆਉਂਦੇ ਦੇ ਹੀ ਇਕ ਕੁਤੇ ਨੇ ਉਸ ਦੀ ਟੰਗ ਫੜ ਲਈ, ਐਸਾ ਦੰਦ ਖੁਭੋਇਆ ਕਿ ਲਹੂ ਦੀ ਤਤੀਰੀ ਹੀ ਵਗਣ ਲਗ ਗਈ। ਮੈਂ ਹੀ ਕੁਤੇ ਨੂੰ ਲੱਕੜ ਮਾਰ ਕੇ ਹਟਾਇਆ। ਇਹ ਦੇਖਣ ਸਾਰ ਹੀ ਮੇਰੀ ਅੱਖ ਖੁਲ੍ਹ ਗਈ। ਮੈਨੂੰ ਇਉਂ ਭਾਸਿਆ ਕਿ ਜਿਵੇਂ ਇਹ ਪਰਤੱਖ ਵਰਤਾਰਾ ਹੀ ਵਰਤਿਆ ਹੁੰਦਾ ਹੈ।

ਅਸੀਂ ਇਹ ਗੱਲ ਕਰਦੇ ਹੀ ਤੁਰ ਪਏ। ਸਾਰਾ ਜੱਥਾ ਹੀ ਪੈਦਲ ਤੁਰ ਪਿਆ। ਨਾਭੇ ਤੋਂ ਛੇ ਸਤ ਕੋਸ ਦੇ ਫਾਸਲੇ ਤੇ ਉਹ ਪਿੰਡ ਸੀ, ਜਿਥੇ ਜੱਥੇ ਨੇ ਅਖੰਡਪਾਠ ਕਰਨ ਜਾਣਾ ਸੀ। ਜਾਣ ਸਾਰ ਅਖੰਡ ਪਾਠ ਦੇ ਤਿਆਰੇ ਅਰੰਭ ਦਿਤੇ। ਅਖੰਡ ਕੀਰਤਨ ਅੰਮ੍ਰਿਤ ਵੇਲੇ ਹੋਏ। ਦੂਜੇ ਦਿਨ ਸਵੇਰੇ ਹੀ ਅਖੰਡ ਪਾਠ ਅਰੰਭ ਹੋ ਗਏ। ਮੈਂ ਖ਼ੁਦ ਅਖੰਡ ਪਾਠ ਕਰ ਰਿਹਾ ਸਾਂ। ਦੂਜੇ ਪਾਠੀ ਨੇ ਆ ਕੇ ਮੈਨੂੰ ਬਦਲ ਦਿਤਾ। ਲੰਗਰ ਵਿਚ ਕੁਛ ਗਫੇ ਲਾਉਣ ਲਈ ਜਾਣ ਦਾ ਮੈਨੂੰ ਇਸ਼ਾਰਾ ਹੋਇਆ। ਬਾਣੀ ਦੇ ਰੰਗ ਚਲੂਣੇ ਚੜ੍ਹੇ ਹੋਏ ਸਨ। ਨਾਮ ਦੀ ਲਟਕ ਵਿਚ ਝੂਲਦਾ ਹੋਇਆ, ਅਧ-ਮੀਟੀਆਂ ਅੱਖਾਂ ਨਾਲ ਪਊਏ ਪਾ ਕੇ ਮੈਂ ਲੰਗਰ ਵਲ ਜਾ ਰਿਹਾ ਸਾਂ। ਅਗੇ ਲੰਗਰ ਦੇ ਐਨ ਕਰੀਬ ਹੀ ਇਕ ਪੱਕਾ ਥਮਲਾ ਸੀ। ਥਮਲੇ ਦੇ ਓਹਲੇ ਇਕ ਕੁਤਾ ਬੈਠਾ ਹੋਇਆ ਸੀ, ਜਿਸਦਾ ਮੈਨੂੰ ਕੁਛ ਪਤਾ ਨਹੀਂ ਸੀ। ਅਜਾਣੇ ਹੀ ਮੇਰੇ ਪੈਰ ਦਾ ਪਊਆ ਉਸ ਦੇ ਪੌਂਚੇ ਉਪਰ ਟਿਕ ਗਿਆ ਅਤੇ ਕੁਤੇ ਨੇ ਮੇਰਾ ਗਿਟਾ



www.AKJ.Org

ਮੂੰਹ ਨਾਲ ਆ ਫੜਿਆ। ਐਸੇ ਦਬ ਕੇ ਦੰਦ ਮਾਰੇ ਕਿ ਲਹੂ ਦੀ ਤਤੀਰੀ ਵਗ ਤੁਰੀ। ਚੁਲ੍ਹੇ ਕੋਲ ਬੈਠੇ ਲੰਗਰ ਸਜਾ ਰਹੇ ਉਸੇ ਭਾਈ ਸਰਵਣ ਸਿੰਘ ਨੇ ਲੱਕੜੀ ਚੁਕ ਕੇ ਕੁਤੇ ਦੇ ਮਾਰੀ ਤਾਂ ਕੁਤੇ ਨੇ ਮੇਰੀ ਟੰਗ ਛਡੀ। ਪਰ ਮੈਨੂੰ ਕੋਈ ਦਰਦ ਨਹੀਂ ਜਾਪਿਆ। ਕੁਛ ਦੁਖ ਦਰਦ ਨਹੀਂ ਪਰਤੀਤ ਹੋਇਆ। ਉਧਰ ਲਹੂ ਦੀ ਤਤੀਰੀ ਪੈਂਦੀ ਹੈ, ਉਧਰ ਮੇਰੀ ਜ਼ਬਾਨ ਤੋਂ ਵਾਹੋ ਦਾਹ ਇਹ ਅਵਾਜ਼ੇ ਨਿਕਲ ਰਹੇ ਹਨ ਤੇ ਬੜੀ ਖ਼ੁਸ਼ੀ ਭਰੇ ਵਾਜੇ ਨਿਕਲ ਰਹੇ ਹਨ :— "ਸਿੰਘ ਦਾ ਸੁਪਨਾ ਪੂਰਾ ਹੋ ਗਿਆ, ਵਾਹ ! ਵਾਹ ! ਖ਼ੂਬ ਚਮਤਕਾਰ ਪੂਰਾ ਹੋਇਆ !!" ਕਿਉਂਕਿ ਕਲ੍ਹ ਵਾਲੀ ਸੱਜਰੀ ਵਾਰਤਾ ਮੈਨੂੰ ਯਾਦ ਸੀ, ਮੈਂ ਪੁਕਾਰਨੋਂ ਨ ਰਹਿ ਸਕਿਆ। ਪਰ ਬੜੇ ਅਨੂਪਮ ਭਾਣੇ ਦੀ ਗੱਲ ਇਹ ਹੋਈ ਕਿ ਭਾਈ ਸਰਵਣ ਸਿੰਘ ਨੂੰ ਇਹ ਵਾਰਤਾ ਉਕੀ ਹੀ ਵਿਸਰ ਗਈ। ਸਿੰਘ ਮੈਨੂੰ ਪੁਛਣ ਕਿ ਕਿਹੜਾ ਸੁਪਨਾ ਸਚ ਹੋ ਗਿਆ ? ਕੀ ਚਮਤਕਾਰ ਦੇਖਿਆ ਪੂਰਾ ਹੋਇਆ ਦਸਦੇ ਹੋ ? ਮੈਂ ਉਤਰ ਦਿਤਾ ਕਿ ਕਹਿਣ ਕਥਨ ਦੀ ਗੱਲ ਹੀ ਕੁਛ ਨਹੀਂ ਹੈ। ਚਲੋ ਵਖਰੇ ਚਲ ਕੇ ਦਸਦੇ ਹਾਂ। ਨਾਲੇ ਤੇ ਮੇਰਾ ਜ਼ਖ਼ਮ ਬੰਨ੍ਹਣ ਵਾਸਤੇ ਸਿੰਘ ਤੁਰ ਪਏ, ਨਾਲੇ ਵਖਰੇ ਹੋ ਕੇ ਮੇਰੇ ਪਾਸੋਂ ਅਸਲ ਗੱਲ ਪੁਛਣ ਲਈ ਤਤਪਰ ਹੋ ਗਏ। ਭਾਈ ਸਰਵਣ ਸਿੰਘ ਜੀ ਤੋਂ ਲਾਂਭੇ ਹੋ ਕੇ ਮੈਂ ਸਾਰੀ ਗੱਲ ਦਸੀ ਤੇ ਇਹ ਵੀ ਤਾਕੀਦ ਕਰ ਦਿਤੀ ਕਿ ਇਸ ਭੋਲੇ ਵੀਰ ਨੂੰ ਪਤਾ ਨਾ ਲਗੇ। ਇਹ ਭੋਲੇ-ਭਾ ਹੀ ਰਹੇ ਤਾਂ ਠੀਕ ਹੈ। ਇਸ ਦੇ ਮੂੰਹ ਤੇ ਕੋਈ ਗੱਲ ਨਹੀਂ ਕਰਨੀ। ਇਸ ਨੂੰ ਗੁਪਤ ਰੰਗ ਵਿਚ ਹੀ ਖੇਡਣ ਦਿਓ। ਸੋਰਮ-ਸੋਰੀ ਹੁੰਦੇ ਹੋਏ ਇਸ ਗਲ ਦਾ ਹੋਲੀ ਹੋਲੀ ਸਾਰੇ ਜਥੇ ਨੂੰ ਪਤਾ ਲਗ ਗਿਆ। ਫਿਰ ਤਾਂ ਲਗੇ ਉਨ੍ਹਾਂ ਦੀ ਸਾਰੇ ਕਦਰ ਕਰਨ। ਪਰ ਕਿਸੇ ਦੀ ਇਹ ਜੁਰਅਤ ਨਹੀਂ ਪਈ ਕਿ ਵੀਰ ਸਰਵਣ ਸਿੰਘ ਜੀ ਨੂੰ ਅਸਲੀ ਗੱਲ ਦਾ ਪਤਾ ਦੇਣ। ਗੁਰੂ ਘਰ ਦੀ ਇਹੀ ਤਾਂ ਗੌਰਵਤਾ ਹੈ ਕਿ ਗਹਿਰ ਗੰਭੀਰ ਆਤਮ ਅਵਸਥਾ ਨੂੰ ਅਪੜੇ ਹੋਏ ਸਿੰਘ ਅਲਖ ਨੂੰ ਲਖਦੇ ਹੋਏ ਵੀ, ਅਜਰ ਨੂੰ ਜਰਨ ਦੀ ਜੀਰਾਂਦ ਰਖਦੇ ਹਨ। ਸੁਤੇ ਹੀ ਜਾਣਕਾਰੀਆਂ ਦੀ ਇਹ ਜਾਣਤਾ ਬਣਾਉਂਦੀ ਹੈ। ਉਹ ਬਫਾਵਣੇ ਹੀ ਨਹੀਂ ਪਾਉਂਦੇ, ਨ ਹਉਮੈ ਦੇ ਪੱਠੇ ਉਨ੍ਹਾਂ ਨੂੰ ਪੈਂਦੇ ਹਨ, ਨ ਉਹ ਹਉਮੈ ਵਿਚ ਆਫਰਦੇ ਹਨ। ਇਸ ਐਲੇ ਮੌਲੇ ਸੂਧੇ ਸਾਦੇ ਵੀਰ ਸਰਵਣ ਸਿੰਘ ਨੂੰ ਦੇਖ ਕੇ ਕਿਸੇ ਨੂੰ ਵੀ ਇਹ ਯਕੀਨ ਨਹੀਂ ਆ ਸਕਦਾ ਸੀ ਕਿ ਐਸੇ ਉਤਮ ਪੌੜੇ ਨੂੰ ਪਹੁੰਚੇ ਹੋਏ ਹਨ। ਸਹਿਜ ਸਰਲਤਾ ਇਹ ਲਖਸ਼ ਗੁਰੂ ਘਰ ਦੇ ਨਿਰਮਾਣ ਤੇ ਨਿਰਬਾਣ ਪਦ ਨੂੰ ਪਹੁੰਚੇ ਹੋਏ ਗੁਰਮੁਖ ਸਿੰਘ ਸਜਨ ਅੰਦਰ ਪੇਖਨ ਵਿਚ ਆਇਆ ਹੈ। ਬਸ ਨਮੂਨੇ ਮਾਤਰ ਇਸ ਵੀਰ ਪਰਥਾਇ ਇਹੀ ਉਦਾਹਰਣ ਕਾਫ਼ੀ ਹੈ। ਗੁਪਤ ਗੋਝਿਆਂ ਦੇ ਗੁਪਤ ਗੋਝ ਗੁਣਾਂ ਦਾ ਪਾਰਾਵਾਰ ਕੀ ਪਾਇਆ ਜਾ ਸਕਦਾ ਹੈ।

ਥੋੜੇ ਦਿਨਾਂ ਪਿਛੋਂ ਹੀ ਅਸੀਂ ਤਾਂ ਜੇਲ੍ਹਾਂ ਅੰਦਰ ਡਕੇ ਗਏ ਤੇ ਅਜਿਹੇ ਗੁਰ-ਸਜਣਾਂ ਨੂੰ 'ਅਸੀਂ ਪਿਛੇ ਹੀ ਛਡ ਗਏ। ਸਾਨੂੰ ਪਤਾ ਨਹੀਂ ਕਿਥੇ ਕਿਥੇ ਤਿੱਤਰ ਬਿੱਤਰ ਹੋ ਗਏ ਤੇ ਸਵਰਨ-ਰੰਗੀ ਭਾਈ ਸਰਵਣ ਸਿੰਘ ਜੀ ਕਿਧਰ ਪਧਾਰ ਗਏ। ਤਦ ਪਸਚਾਤ ਸਾਨੂੰ ਉਹ ਅਜ ਤਾਈਂ ਨਹੀਂ ਮਿਲੇ। ਐਸਾ ਹੀ ਜਾਪਦਾ ਹੈ ਕਿ ਉਹ ਪਰਲੋਕ ਨੂੰ ਪਧਾਰ ਗਏ ਹੋਣਗੇ, ਨਹੀਂ ਤਾਂ ਜ਼ਰੂਰ ਮਿਲਦੇ। ਨਾ ਹੀ ਸਾਨੂੰ ਉਨ੍ਹਾਂ ਦੇ ਹੋਰ ਕਿਸੇ ਹਸਬ ਨਸਬ ਦਾ ਹੀ ਪਤਾ ਹੈ। ਬਸ ਕੇਵਲ ਉਪਰ ਅੰਕਰੀ ਯਾਦ ਹੀ ਸਾਡੇ ਸੀਨੇ ਅੰਦਰ ਉਕਰੀ ਰਹਿ ਗਈ ਹੈ। ਸੋ ਸਮਾਪਤੰ ਸੁਭਮ ਸਤ ਹੈ।

['ਰੰਗਲੇ ਸਜਣ' ਪੁਸਤਕ ਵਿਚੋਂ

---

[ਸਫ਼ਾ ੧੧ ਦੀ ਬਾਕੀ]

ਔਖਾ ਹੋ ਜਾਂਦਾ ਹੈ। ਫਲ ਦਰੱਖ਼ਤਾਂ ਨਾਲ ਲਗੇ ਰਹਿਣ ਕਰਕੇ ਤਰੋ-ਤਾਜ਼ਾ ਰਹਿ ਸਕਦੇ ਹਨ। ਕਈ ਵਾਰ ਜੇ ਫੱਲਾਂ ਨੂੰ ਇਨਸਾਨੀ ਹੱਥ ਲਗ ਜਾਵੇ ਤਦ ਉਹ ਤਾਜ਼ਾ ਨਹੀਂ ਰਹਿ ਸਕਦੇ। ਇਸੇ ਤਰ੍ਹਾਂ ਇਨਸਾਨ ਦੀ ਪਾਕ-ਦਾਮਨੀ ਇਕ ਵਾਰ ਭੰਗ ਹੋ ਜਾਵੇ ਫਿਰ ਉਸ ਦੀ ਸੰਭਾਲ ਕੇਵਲ ਜ਼ਬਤ, ਕਰੜੇ ਭਗਤੀ-ਭਾਉ ਵਿਚ ਰਹਿਣ ਕਰਕੇ ਹੀ ਹੋ ਸਕਦੀ ਹੈ। ਨਹੀਂ ਤਾਂ ਭੇਰਟਾਂ ਵਾਂਗ ਕਾਮ ਦੀ ਅੱਗ ਵਿਚ ਸੜ ਮਰਨ ਵਾਲਾ ਕੰਮ ਹੈ। ਗੁਰਬਾਣੀ ਅਜਿਹੇ ਕਾਮੀ-ਪੁਰਸ਼ਾਂ ਨੂੰ ਸਖ਼ਤ ਤਾੜਨਾ ਕਰਦੀ ਹੈ—

ਤਕਹਿ ਨਾਰਿ ਪਰਾਈਆ, ਲੁਕਿ ਅੰਦਰਿ ਠਾਣੀ ॥...
ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥੨੭॥

[ਵਾਰ ਗਉੜੀ, ਪਉੜੀ ਮ: ੫, ਪੰਨਾ ੩੧੫



www.AKJ.Org

# ਜਤ ਸਤ ਤੇ ਸਿੱਖੀ

[ ਵਲੋਂ—ਗਿਆਨੀ ਜਸਮੇਰ ਸਿੰਘ ਜੀ ਪਾਲ ]

ਸਿੱਖੀ ਤੇ ਜਤ ਸਤ ਦਾ ਇੰਨਾ ਗੂੜ੍ਹਾ ਸਬੰਧ ਹੈ ਜਿੰਨਾ ਮਛੀ ਤੇ ਪਾਣੀ ਦਾ । ਉਚ ਆਚਰਨ ਨੂੰ ਸਿੱਖੀ ਵਿਚ ਜਤ ਸਤ ਆਖਦੇ ਹਨ। ਸਿੱਖ ਦੀ ਉਚਾਈ ਉਸ ਦੇ ਉਚ ਆਚਰਨ ਤੋਂ ਦੇਖੀ ਜਾਣੀ ਹੈ।

ਹਿੰਦੂ ਧਰਮ ਵਿਚ ਕਿਸੇ ਮਨੁੱਖ ਦਾ ਬਿਲਕੁਲ ਹੀ ਵਿਆਹ ਨਾ ਕਰਵਾਉਣਾ ਜਤ ਸਤ ਮੰਨਿਆ ਗਿਆ ਹੈ। ਭਗਤ ਤੁਲਸੀ ਦਾਸ ਜੀ ਲਿਖਦੇ ਹਨ ਕਿ—

ਜਨਨੀ ਜਨੇ ਤ ਭਗਤ ਜਨ, ਕੈ ਦਾਤਾ ਕੈ ਸੂਰ ॥
ਨਾਹਿ ਤ ਜਨਨੀ ਬਾਂਝ ਰਹੇ, ਕਾਹੇ ਗਵਾਏ ਨੂਰ ॥

ਬਿਲਕੁਲ ਹੀ ਬੇਲਾਗ ਰਹਿਣਾ ਕਿਸੇ ਖ਼ਾਸ ਬੰਦੇ ਲਈ ਜ਼ਾਂ ਕੁਝ ਬੰਦਿਆਂ ਲਈ ਤਾਂ ਸੰਭਵ ਹੋ ਸਕਦਾ ਹੈ, ਪਰੰਤੂ ਇਸ ਨੂੰ ਸਮੁਚੇ ਤੌਰ ਤੇ ਸਾਰੇ ਨਹੀਂ ਅਪਣਾ ਸਕਦੇ। ਕੁਦਰਤੀ ਨਿਯਮਾਂ ਅਨੁਸਾਰ ਜਾਨਵਰਾਂ ਦੇ ਜੋੜੇ ਹਨ, ਪੰਛੀਆਂ ਦੀਆਂ ਜੋੜੀਆਂ ਹਨ। ਗੁਰਮਤਿ ਅਨੁਸਾਰ ਵਿਆਹ ਕੁਦਰਤੀ ਨਿਯਮਾਂ ਤੋਂ ਵਿਰੁਧ ਨਹੀਂ। ਜ਼ਿੰਦਗੀ ਦੀਆਂ ਸਾਰੀਆਂ ਰਸਮਾਂ ਵਿਚੋਂ ਅਨੰਦ ਵਿਆਹ ਨੂੰ ਸਿਰਮੌਰ ਗਿਣਿਆ ਗਿਆ ਹੈ । ਗੁਰਮਤਿ ਧਰਮ ਇਸ ਦੀ ਵੀ ਆਗਿਆ ਨਹੀਂ ਦਿੰਦਾ ਕਿ ਘਰੋਗੀ ਝੰਝਟਾਂ ਵਿਚ ਇੰਨੇ ਉਲਝ ਜਾਉ ਕਿ ਤੁਹਾਨੂੰ ਪਾਰਬ੍ਰਹਮ ਦੀ, ਧਰਮ ਦੀ ਸਾਰ ਹੀ ਲੈਣੀ ਔਖੀ ਹੋ ਜਾਵੇ। 'ਜੈਸੇ ਜਲ ਮਹਿ ਕਮਲੁ ਨਿਰਾਲਮ ਮੁਰਗਾਈ ਨੈਸਾਣੈ' ਦਾ ਸਿੱਖ-ਮਾਰਗ-ਦਰਸ਼ਨ ਹੈ। ਗੁਰਮਤਿ 'ਏਕਾ ਨਾਰੀ ਜਤੀ ਹੋਇ' ਦੀ ਪ੍ਰੋੜ੍ਹਤਾ ਕਰਦੀ ਹੈ।

ਹਿੰਦੂ ਧਰਮ ਅਨੁਸਾਰ ਜ਼ਿੰਦਗੀ ਇਕ ਮੁਕੰਮਲ ਸੰਜੋਗ ਨਹੀਂ। ਇਹ ਜ਼ਿੰਦਗੀ ਨੂੰ ਕੁਝ ਹਿਸਿਆਂ ਵਿਚ ਵੰਡਦਾ ਹੈ ਅਤੇ ਅੰਤ ਵਿਚ ਸੰਨਿਆਸ ਧਾਰਨ ਦਾ ਉਪਦੇਸ਼ ਦਿੰਦਾ ਹੈ।

ਗੁਰੂ ਨਾਨਕ ਵਿਚਾਰਧਾਰਾ ਅਨੁਸਾਰ ਕੰਮ ਕਾਰ ਕਰਦੇ ਹੋਏ, ਗ੍ਰਹਿਸਤ ਵਿਚ ਰਹਿੰਦੇ ਹੋਏ, ਲਿਵ ਪਾਰਬ੍ਰਹਮ ਨਾਲ ਜੋੜੋ। ਗ੍ਰਹਿਸਤ ਬੰਧਨ ਰੂਪ ਨਹੀਂ। ਮਾਇਆ ਵਿਚ ਉਦਾਸ ਰਹੋ। ਗੁਰੂ ਨਾਨਕ ਨੇ ਮਾਇਆ ਤਿਆਗੀ, ਸੰਸਾਰ ਦਾ ਤਿਆਗ ਨਹੀਂ ਕੀਤਾ। ਕਾਮ ਕਰੋਧ ਲੋਭ ਮੋਹ ਤੋਂ ਅਸਾਂ ਸੇਵਾ ਲੈਣੀ ਹੈ, ਇਨ੍ਹਾਂ ਨੂੰ ਕਤਲ ਨਹੀਂ ਕਰਨਾ । ਕਾਮ ਨੇ ਜਗਤ ਦੀ ਉਤਪਤੀ ਕਰਨੀ ਹੈ। ਕਰੋਧ ਨੂੰ ਸਵੈਮਾਨ ਵਿਚ ਬਦਲੋ। ਲੋਭ ਨੂੰ ਪੁਰਸ਼ਾਰਥ ਵਿਚ ਰੰਗੋ। ਮੋਹ ਉਚੇ ਅਸੂਲਾਂ ਨਾਲ ਪਾਓ। ਹੰਕਾਰ ਨੂੰ ਨਿਮਰਤਾ ਵਿਚ ਲਿਆਓ । ਇਸ ਤਰ੍ਹਾਂ ਮੁਕੰਮਲ ਜ਼ਿੰਦਗੀ ਦੀ ਉਸਾਰੀ ਹੁੰਦੀ ਹੈ। ਗੁਰਮਤਿ ਨੇ ਜੀਵਨ ਵਿਚ ਸਮਤੋਲ ਪੈਦਾ ਕੀਤਾ।

ਹਿੰਦੂ ਧਰਮ ਦੇ ਸਮਰਥਕ ਮਨੂੰ ਜੀ ਹੋਏ ਹਨ। ਉਨ੍ਹਾਂ ਅਨੁਸਾਰ ਧਾਤੂ ਦਾ ਗਿਰਨਾ ਮੌਤ ਹੈ। ਮਨੂੰ ਜੀ ਕਹਿੰਦੇ ਹਨ, ਜਦ ਤੀਕ ਬੱਚੇ ਸਕੂਲਾਂ ਵਿਚ ਵਿਦਿਆ ਹਾਸਲ ਕਰਦੇ ਹੋਣ ਉਨ੍ਹਾਂ ਨੂੰ ਆਪਣੀਆਂ ਵਾਸ਼ਨਾਵਾਂ ਪੁਰ ਜ਼ਬਤ ਰਖਣਾ ਚਾਹੀਏ । ਉਨ੍ਹਾਂ ਨੂੰ ਸ਼ਰਾਬ ਮਾਸ ਤੇ ਗਰਮ ਮਸਾਲਿਆਂ ਦੇ ਅਹਾਰ ਤੋਂ ਪਰਹੇਜ਼ ਕਰਨਾ ਚਾਹੀਏ। ਫੁੱਲਾਂ ਦੇ ਹਾਰ ਤੇ ਖ਼ੁਸ਼ਬੂਆਂ ਦਾ ਅੰਜਨ ਨਾ ਵਰਤਣ। ਜੂਆ ਨਾ ਖੇਲਣ, ਗਪਾਂ ਨਾ ਮਾਰਨ । ਝੂਠ ਨਾ ਬੋਲਣ। ਇਸਤ੍ਰੀਆਂ ਨੂੰ ਕਾਮ-ਵੇਹੜੀਆਂ ਅੱਖਾਂ ਨਾਲ ਨ ਵੇਖਣਾ। ਇਕੱਠ ਨਾ ਸੌਣ । ਖ਼ਾਸ ਕਰਕੇ ਧਾਤੂ ਦੀ ਰਖਿਆ ਕਰਨ ਤੇ ਉਸ ਨੂੰ ਕਦੇ ਪਾਤ ਨਾ ਹੋਣ ਦੇਣ। ਧਾਤੂ ਦੀ ਜੀਵਨ-ਸ਼ਕਤੀ ਸਾਡੇ ਜੀਵਨ ਨੂੰ ਅਧਾਰ ਦਿੰਦੀ ਹੈ। ਇਹ ਪ੍ਰਾਣਾਂ ਦਾ ਵੀ ਪ੍ਰਾਣ ਹੈ। ਉਹ ਸਾਡੇ ਵਿਚ ਚਮਕ ਭਰ ਦਿੰਦਾ ਹੈ । ਸਾਡੀਆਂ ਗਲ੍ਹਾਂ ਉਤੇ ਦਮਕ ਮਾਰਦਾ ਹੈ । ਇਹ ਇਕ ਭਾਰੀ ਖ਼ਜ਼ਾਨਾ ਹੈ। ਇਹ ਸਾਡੇ ਖ਼ੂਨ ਦਾ ਉਤਮ ਜੌਹਰ ਹੈ।

ਮਨੂੰ ਜੀ ਅਨੁਸਾਰ ਬ੍ਰਹਮਚਾਰੀ ਲਈ ਬ੍ਰਹਮਚਰਜ ਰਖਣ ਲਈ ਹੇਠ ਲਿਖਿਆ ਪਰਹੇਜ ਜ਼ਰੂਰੀ ਹੈ—

ਨਾਰੀ ਸਿਮਰਨ ਸ੍ਰਵਣ ਪੁਨ ਦ੍ਰਿਸਟਿ ਸੰਭਾਖਣ ਜੋਇ ॥
ਗੁਹਜ ਵਾਰਤਾ ਹਾਸ ਰਿਤ ਬਹੁਤ ਸਪਰਸਣ ਹੋਇ ॥

੧. ਕਿਸੇ ਇਸਤ੍ਰੀ ਵਲ ਕਾਮ-ਵੇਹੜੀਆਂ ਅੱਖਾਂ ਨਾਲ ਨ ਦੇਖੇ।
੨. ਕਿਸੇ ਇਸਤ੍ਰੀ ਨੂੰ ਕਾਮ-ਚੇਸ਼ਟਾ ਦੇ ਖ਼ਿਆਲ ਤੇ ਨਾ ਸਪਰਸ਼ ਕਰੇ।



www.AKJ.Org

੩. ਇਸਤ੍ਰੀਆਂ ਨਾਲ ਖੇਡੇ ਕੁਦੇ ਨਾ।
੪. ਉਨ੍ਹਾਂ ਦੇ ਹੁਸਨ ਤੇ ਹੋਰ ਹੋਰ ਗੁਣਾਂ ਦੀ ਤਾਰੀਫ਼ ਕਰਨ ਵਿਚ ਨਾ ਲਗਾ ਰਹੇ ਤੇ ਨਾ ਹੀ ਐਸੀਆਂ ਗੱਲਾਂ ਸੁਣੇ।
੫. ਕਿਸੇ ਇਸਤ੍ਰੀ ਪਾਸ ਇਕਾਂਤ ਵਿਚ ਨਾ ਬੈਠੇ।
੬. ਕਿਸੇ ਇਸਤ੍ਰੀ ਨੂੰ ਕਾਮ ਰੁਚੀ ਦੇ ਖ਼ਿਆਲ ਵਿਚ ਯਾਦ ਤਕ ਨਾ ਕਰੇ।
੭. ਕਦੀ ਦਿਲ ਵਿਚ ਕਿਸੇ ਇਸਤ੍ਰੀ ਦੇ ਸੰਜੋਗ ਦਾ ਇਰਾਦਾ ਤਕ ਵੀ ਨਾ ਕਰੇ।

ਈਸਾਈ ਧਰਮ ਦੇ ਮਹਾਨ ਪਰਚਾਰਕ ਸੇਂਟ ਪਾਲ ਜੀ ਆਪਣੇ ਲੋਕਾਂ ਨੂੰ ਗ੍ਰਹਿਸਤ-ਆਸ਼ਰਮ ਬਾਬਤ ਉਪਦੇਸ਼ ਦਿੰਦੇ ਹੋਏ ਕਹਿੰਦੇ ਹਨ—"ਤੁਸੀਂ ਆਪਣੀਆਂ ਇਸਤ੍ਰੀਆਂ ਨਾਲ ਇਉਂ ਪਿਆਰ ਕਰੋ, ਜਿਵੇਂ ਮਸੀਹ ਨੇ ਗਿਰਜੇ ਨਾਲ ਕੀਤਾ ਹੈ।"

ਸੁਆਮੀ ਰਾਮ ਤੀਰਥ ਜੀ ਨੇ ਇਕ ਥਾਂ ਇਉਂ ਕਿਹਾ—ਜਦ ਤੀਕ ਹਿੰਦੁਸਤਾਨ ਵਿਚ ਇਸਤ੍ਰੀ ਤੇ ਮਰਦ ਆਪਸ ਵਿਚ ਭਰਾ ਤੇ ਭੈਣ ਦੀ ਤਰ੍ਹਾਂ ਪਵਿਤਰ ਜੀਵਨ ਬਤੀਤ ਕਰਨਾ ਨਹੀਂ ਸਿਖਦੇ ਤਦ ਤੀਕ ਇਨ੍ਹਾਂ ਦੀ ਕਲਿਆਣ ਨਹੀਂ ਹੋ ਸਕਦੀ। ਆਪਸ ਵਿਚ ਐਸਾ ਪਵਿਤਰ ਜੀਵਨ ਬਤੀਤ ਕਰਨ ਦਾ ਜਿਨ੍ਹਾਂ ਨੇ ਸੁਆਦ ਚਖਿਆ ਹੈ ਉਨ੍ਹਾਂ ਦੇ ਜੀਵਨ ਅਤੀ ਸੁਖੀ ਹਨ। ਉਹ ਸਾਰੇ ਝਗੜੇ-ਝਮੇਲਿਆਂ ਤੋਂ ਛੁਟ ਗਏ ਹਨ।

ਗੁਰਮਤਿ ਸਿਧਾਂਤ ਇਸ ਦੀ ਪੁਸ਼ਟੀ ਇਉਂ ਕਰਦਾ ਹੈ। ਸੰਸਾਰ ਦੀਆਂ ਇਸਤ੍ਰੀਆਂ ਵਿਚੋਂ ਸਾਡੇ ਤੋਂ ਵਡੀਆਂ ਸਾਡੀਆਂ ਮਾਵਾਂ ਹਨ, ਹਾਣ ਦੀਆਂ ਭੈਣਾਂ ਤੇ ਛੋਟੀਆਂ ਲੜਕੀਆਂ ਹਨ। ਕੇਵਲ ਆਪਣੀ ਇਸਤ੍ਰੀ ਨਾਲ ਪਿਆਰ ਕਰੋ।

ਨਿਜ ਨਾਰੀ ਕੇ ਸੰਗ ਨੇਹੁ ਤੁਮ ਨਿਤ ਬਢੈਯਹੁ ॥
ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ ॥
[ਰੂਪ ਕੁਮਾਰ ਪ੍ਰਥਾਇ, ਪਾ: ੧੦

ਦੇਖ ਪਰਾਈਆਂ ਚੰਗੀਆਂ, ਮਾਵਾਂ ਭੈਣਾਂ ਧੀਆਂ ਜਾਣੈ ॥
[ਭਾ: ਗੁਰਦਾਸ ਜੀ, ੨੯-੧੧

ਏਕਾ ਨਾਰੀ ਜਤੀ ਹੋਇ, ਪਰ-ਨਾਰੀ ਧੀ ਭੈਣ ਵਖਾਣੈ ॥
[ਭਾ: ਗੁਰਦਾਸ ਜੀ, ੬-੮

ਇਹ ਖਿਆਲ ਇਨਸਾਨ ਨੂੰ ਉਚਾ ਉਠਾਣ ਵਾਲਾ ਤੇ ਬੰਧਨਾਂ ਤੋਂ ਅਜ਼ਾਦ ਕਰਨ ਵਾਲਾ ਹੈ। ਗੁਰਮਤਿ ਅਨੁਸਾਰ ਇਸਤ੍ਰੀ ਮਰਦ ਦੋਹਾਂ ਦੇ ਆਪੋ ਆਪਣੇ ਸਾਂਝੇ ਫ਼ਰਜ਼ ਹਨ। ਇਸਤ੍ਰੀ ਤੇ ਮਰਦ ਦਾ ਦਰਜਾ ਬਰਾਬਰ ਹੈ। ਜਿਥੇ ਇਸਤ੍ਰੀ ਲਈ ਹੁਕਮ ਹੈ ਕਿ ਉਹ ਪਰਾਏ ਪੁਰਸ਼ ਦੀ ਝਾਕ ਨਾ ਰਖੇ ਉਥੇ ਮਰਦ ਲਈ ਵੀ ਖ਼ਾਸ ਹਦਾਇਤ ਹੈ ਕਿ ਉਹ ਪਰਾਈ ਇਸਤ੍ਰੀ ਦਾ ਸੰਗ ਨਾ ਕਰੇ। ਇਸਤ੍ਰੀ ਮਰਦ ਗ੍ਰਹਿਸਤ-ਜੀਵਨ ਦੇ ਦੋ ਪਹੀਏ ਹਨ। ਦੋਵੇਂ ਪਹੀਏ ਇਕ ਬਰਾਬਰ ਚਲਣ ਤਾਂ ਹੀ ਗ੍ਰਹਿਸਤ-ਗਡੀ ਠੀਕ ਚਾਲੇ ਤੁਰਦੀ ਹੈ।

ਗੁਰੂ ਨਾਨਕ ਦੇਵ ਜੀ ਨੇ ਇਸਤ੍ਰੀ ਦਾ ਸਤਕਾਰ ਵਧਾਇਆ। ਇਸ ਨੂੰ ਮਰਦ ਦੇ ਬਰਾਬਰ ਸਮਾਨਤਾ ਦਿਤੀ, ਪਰੰਤੂ ਇਸ ਤੋਂ ਭਾਵ ਇਹ ਨਹੀਂ ਨਿਕਲ ਸਕਦਾ ਕਿ ਇਸਤ੍ਰੀ ਜਾਤੀ ਨੂੰ ਹਰ ਪਰਕਾਰ ਦੀ ਖੁਲ੍ਹ ਹੈ। ਉਹ ਬੇਲੋੜਾ ਫ਼ੈਸ਼ਨ ਕਰਦੀ ਫਿਰੇ, ਨੰਗੇ ਸਿਰ ਜਿਥੇ ਮਰਜ਼ੀ ਘੁੰਮਦੀ ਫਿਰੇ ਅਤੇ ਸਿਨੇਮੇ ਦੇਖਦੀ ਫਿਰੇ। ਜ਼ਬਤ ਵਾਲਾ ਜੀਵਨ ਜੀਣ ਦੀ ਕਰੜੀ ਹਦਾਇਤ ਹੈ। ਇਸਤ੍ਰੀ ਵਾਂਗ ਹੀ ਮਰਦ ਦਾ ਫ਼ਰਜ਼ ਵੀ ਨਿਯਮ-ਬੱਧ ਹੈ। ਉਹ ਇਕ ਮੁਕੰਮਲ ਇਨਸਾਨ ਵਾਲੇ ਗੁਣ ਧਾਰਨ ਕਰੇ ਅਤੇ ਜ਼ਬਤ ਵਾਲਾ ਜੀਵਨ ਧਾਰਨ ਕਰੇ। ਦੋਵੇਂ ਜਤ ਸਤ ਧਾਰਨ ਕਰਨ। ਉਨ੍ਹਾਂ ਦੀ ਭਜ-ਦੌੜ ਕਿਧਰੇ ਹੋਰ ਪਾਸੇ ਨਹੀਂ ਹੋਣੀ ਚਾਹੀਦੀ। ਜੇਕਰ ਅਜਿਹਾ ਹੋਵੇਗਾ, ਜੀਵਨ ਰੂਪੀ ਰੱਥ ਦੇ ਪਹੀਏ ਪਾਸ ਪੈ ਜਾਣਗੇ, ਗ੍ਰਹਿਸਤ-ਗਡੀ ਲੁੜਕ ਜਾਵੇਗੀ।

ਬਚਾਅ ਇਕੋ ਸੂਰਤ ਵਿਚ ਹੈ; ਤੇ ਉਹ ਹੈ ਪਵਿਤਰਤਾ; ਜਿਸ ਨੂੰ ਪਾਕ-ਦਮਨੀ ਵੀ ਆਖਦੇ ਹਨ। ਪਾਕ-ਦਮਨੀ (ਪਵਿਤਰਤਾ) ਖ਼ੂਬਸੂਰਤ ਫੁੱਲ ਹੈ। ਇਹ ਗੁਣ ਮਨੁਖ ਨੂੰ ਫ਼ਰਿਸ਼ਤਾ ਬਣਾਉਂਦਾ ਹੈ। ਇਹ ਰੂਹ ਤੇ ਜਿਸਮ ਦੋਹਾਂ ਤੋਂ ਬੇਲਾਗ ਹੋਣ ਦੀ ਸਿਫ਼ਤ ਹੈ। ਇਸ ਵਿਚ ਬੜਾ ਸੰਜਮ ਧਾਰਨ ਕਰਨ ਦੀ ਲੋੜ ਹੈ। ਇਹ ਜ਼ੁਹਦ ਆਪਣੇ ਪਤੀ-ਦੇਵ ਜਾਂ ਇਸਤ੍ਰੀ ਦੇ ਸਿਵਾ ਕਿਸੇ ਹੋਰ ਥਾਂ ਸਬੰਧ ਜਾਂ ਵਾਸਤੇ ਦਾ ਚਿਤ-ਚੇਤਾ ਵੀ ਨਾ ਰਖਣ ਦਾ ਨਾਮ ਹੈ। ਇਕ ਵਾਰੀ ਕਿਸੇ ਚੇਸ਼ਟਾ ਭਰੇ ਅੰਗ ਦੇ ਸਪਰਸ਼ ਕਰਨ ਨਾਲ ਪਵਿਤਰਤਾ ਦਾ ਰਹਿਣਾ

[ਬਾਕੀ ਦੇਖੋ ਸਫ਼ਾ ੬ ਤੇ]



www.AKJ.Org

# ਸਿਖ ਧਰਮ ਤੇ ਮਾਸ-ਸ਼ਰਾਬ

## ਗੁਰ ਇਤਿਹਾਸ ਵਿਚ ਮਾਸ ਨਿਸ਼ੇਧ

[ ਜੇ: ਪੀ: ਸੰਗਤ ਸਿੰਘ ਸਰੱਦਵੀ, ੭੫/੩, ਬੰਬਈ, ੮੨ ]

ਸਿਖ ਧਰਮ ਸਾਤਵਿਕ ਵਿਸ਼ਵ ਧਰਮ ਹੈ । ਇਸ ਵਿਚ ਕਿਸੇ ਪ੍ਰਕਾਰ ਦੀ ਤਾਮਿਸਕਤਾ ਦੀ ਕੋਈ ਗੁੰਜਾਇਸ਼ ਨਹੀਂ। ਨਾ ਹੀ ਕਰਮਾਂ ਵਿਚ, ਨਾ ਹੀ ਬਚਨਾਂ ਵਿਚ, ਨਾ ਹੀ ਸੋਚਣੀ ਵਿਚ, ਨਾ ਹੀ ਪਹਿਰਨ ਵਿਚ ਅਤੇ ਨਾ ਹੀ ਖਾਣ ਪੀਣ ਵਿਚ ।

ਮਾਸ ਤੇ ਸ਼ਰਾਬ ਤਾਮਸਿਕ ਵਸਤੂਆਂ ਹਨ ਜਿਸ ਕਰਕੇ ਸਿਖ ਧਰਮ ਵਿਚ ਇਹਨਾਂ ਦੀ ਵਰਤੋਂ ਅਸਲੋਂ ਹੀ ਸਖ਼ਤ ਮਨਾਹ ਹੈ । ਮਾਸ ਦੀ ਵਰਤੋਂ ਤਾਂ ਖ਼ਾਸ ਕਰਕੇ ਸਖ਼ਤ ਮਨਾਹ ਕੀਤੀ ਗਈ ਹੈ ਕਿਉਂਕਿ ਮਨੁਖ ਵਿਚ ਸ਼ਰਾਬ ਅਤੇ ਉਸ ਪਿਛੋਂ ਵਿਭਚਾਰ ਦੀ ਇਲਤ ਲਾਣ ਵਿਚ ਮਾਸ ਦਾ ਖ਼ਾਸ ਹਥ ਹੈ । ਮਾਸ, ਮਧ ਤੇ ਮੋਹਣੀ ਦਾ ਆਪੋ ਵਿਚ ਮੇਲ ਹੈ । ਮਨੁਖ ਨੂੰ ਜਦੋਂ ਵੀ ਸ਼ਰਾਬ ਆਦਿ ਦੀ ਚੇਟਕ ਲਗਦੀ ਹੈ ਉਸ ਉਤੇ ਪਹਿਲਾ ਹਮਲਾ ਮਾਸ ਹੀ ਕਰਦਾ ਤੇ ਉਸ ਦੀ ਬੁਧ ਨੂੰ ਭ੍ਰਿਸ਼ਟ ਕਰਦਾ ਹੈ ।

ਇਹੋ ਕਾਰਨ ਹੈ ਕਿ ਮਾਸ ਸੰਬੰਧੀ ਪਾਵਨ ਗੁਰੂ ਬਾਣੀ ਵਿਚ, ਇਸ ਦੀ ਵਰਤੋਂ ਦੇ ਖੰਡਨ ਵਿਚ ਅਨੇਕਾਂ ਉਪਦੇਸ਼ ਮੌਜੂਦ ਹਨ । ਇਸ ਦੇ ਨਾਲ ਹੀ ਜੇ ਗੁਰ-ਇਤਿਹਾਸ ਉਤੇ ਨਜ਼ਰ ਮਾਰੀਏ ਤਾਂ ਉਹ ਵੀ ਅਜਿਹੀਆਂ ਘਟਨਾਵਾਂ ਨਾਲ ਭਰੇ ਪਏ ਹਨ ਜਿਹਨਾਂ ਵਿਚ ਸਤਿਗੁਰੂ ਸਾਹਿਬਾਨ ਨੇ ਆਪਣੇ ਸਿਖਾਂ ਤੇ ਸ਼ਰਧਾਲੂਆਂ ਨੂੰ, ਜਦੋਂ ਵੀ ਕੋਈ ਅਉਸਰ ਬਣਿਆ, ਮਾਸ ਜਹੀ ਘ੍ਰਿਣਤ ਵਸਤੂ ਦੀ ਵਰਤੋਂ ਤੋਂ ਸਖ਼ਤ ਅਤੇ ਕਰੜੇ ਸ਼ਬਦਾਂ ਨਾਲ ਵਰਜਿਆ । ਸਭ ਗੁਰੂ ਸਾਹਿਬਾਨ ਦੇ ਜੀਵਨ-ਇਤਿਹਾਸਾਂ ਚੋਂ ਅਜਿਹੀਆਂ ਘਟਨਾਵਾਂ ਅਤੇ ਮਾਸ ਸੰਬੰਧੀ ਉਹਨਾਂ ਵਲੋਂ ਵਰਜਣ ਦੇ ਉਪਦੇਸ਼ ਮਿਲਦੇ ਹਨ। ਆਉ ਵਾਰੀ ਵਾਰੀ ਹਰ ਸਤਿਗੁਰੂ ਜੀ ਦੇ ਜੀਵਨ ਇਤਿਹਾਸ ਤੇ ਨਜ਼ਰ ਮਾਰ ਕੇ ਇਸ ਸੰਬੰਧੀ ਉਹਨਾਂ ਦੇ ਵਿਚਾਰਾਂ ਨੂੰ ਦ੍ਰਿਸ਼ਟੀ ਗੋਚਰ ਕਰੀਏ ।

### ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ–

### ੧. ਦੂਨੀ ਚੰਦ ਦੀ ਸਾਖੀ

ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਸਤਿਗੁਰੂ ਪਾਤਿਸ਼ਾਹ ਜੀ ਲਾਹੌਰ ਪੁਜੇ । ਅਤੇ ਦੂਨੀ ਚੰਦ ਦੇ ਘਰ ਆ ਗਏ । ਅਗੋ ਦੂਨੀ ਚੰਦ ਆਪਣੇ ਪਿਤਾ ਦਾ ਸਰਾਧ ਕਰ ਰਿਹਾ ਸੀ । ਸਤਿਗੁਰੂ ਜੀ ਨੇ ਆਖਿਆ, "ਦੂਨੀ ਚੰਦਾ ! ਜਿਸ ਪਿਤਾ ਦੇ ਨਮਿਤ ਤੂੰ ਸਰਾਧ ਕਰ ਰਿਹਾ ਏਂ ਅਤੇ ਇਤਨਾ ਭਾਰੀ ਭੋਜ ਕਰ ਰਿਹਾ ਹੈਂ, ਉਹ ਤਾਂ ਬਘਿਆੜ ਰੂਪ ਵਿਚ ਅਮਕੀ ਥਾਂ ਉਤੇ ਬੈਠਾ ਕਈ ਦਿਨਾਂ ਦਾ ਭੁਖਾ ਹੈ । ਜਦ ਤੀਕ ਉਸ ਦੀ ਤ੍ਰਿਪਤੀ ਨਹੀਂ ਹੁੰਦੀ ਤੇਰੇ ਇਹ ਸਰਾਧ ਤੇ ਭੋਜ ਕਿਸੇ ਕੰਮ ਨਹੀਂ । ਜਾ ਅਤੇ ਭੋਜਨ ਪਦਾਰਥ ਲੈ ਕੇ ਅਮਕੀ ਥਾਂ ਚਲਾ ਜਾ । ਉਥੇ ਕਿਸੇ ਥਾਂ ਤੇ ਰਖ ਦੇਈਂ ਤੇ ਤੇਰਾ ਪਿਤਾ ਬਗਿਆੜ ਰੂਪ ਵਿਚ ਆ ਕੇ ਖਾ ਜਾਏਗਾ । ਡਰੀਂ ਨਾ, ਤੈਨੂੰ ਕੁਝ ਨਹੀਂ ਆਖਣ ਲਗਾ।"

ਇਤਿਹਾਸ ਦਸਦਾ ਹੈ ਕਿ ਦੂਨੀ ਚੰਦ ਲੋੜੀਂਦਾ ਭੋਜਨ ਪਦਾਰਥ ਲੈ ਕੇ ਸਤਿਗੁਰੂ ਜੀ ਦੇ ਦਸੇ ਟਿਕਾਣੇ ਤੇ ਇਕ ਜੰਗਲ ਅਸਥਾਨ ਵਿਚ ਪੁਜਾ ਤੇ ਇਕ ਉਚੇ ਜਹੇ ਪਥਰ ਉਤੇ ਉਸ ਨੂੰ ਰਖ ਕੇ ਆਪ ਇਕ ਪਾਸੇ ਖਲੋ ਕੇ ਉਡੀਕ ਕਰਨ ਲਗਾ ।

ਥੋੜੇ ਚਿਰ ਨੂੰ ਹੀ ਇਕ ਬੁਢਾ ਤੇ ਕਮਜ਼ੋਰ ਬਗਿਆੜ ਆਇਆ ਤੇ ਉਹਨਾਂ ਪਦਾਰਥਾਂ ਨੂੰ ਖਾਣ ਲਗਾ । ਦੂਨੀ ਚੰਦ ਨੂੰ ਸਤਿਗੁਰੂ ਜੀ ਦੇ ਬਚਨ ਯਾਦ ਆਏ "ਡਰੀਂ ਨਾਹ, ਤੈਨੂੰ ਕੁਝ ਨਹੀਂ ਆਖਣ ਲਗਾ ।"

ਸੋ ਉਸ ਨੇ ਜੁਰਅਤ ਕੀਤੀ ਤੇ ਥੋੜਾ ਅਗੇ ਹੋ ਕੇ ਪੁਛਣ ਲਗਾ :–

ਤੁਮ ਧਰਮਾਤਮ ਥੇ ਬਹੁ ਭਾਤੀ ।
ਸ਼ੁਭ ਕਾਰਜ ਮਹਿ ਗਤਿ ਦਿਨ ਰਾਤੀ ।



www.AKJ.Org

ਕਿਉ ਕਰ ਜੂਨ ਬਿਰਕ ਕੀ ਪਾਈ।
ਇਹ ਪ੍ਰਸੰਗ ਮੁਝ ਦੇਹੁ ਸੁਣਾਈ।
(ਸੂਰਜ ਪ੍ਰਕਾਸ਼)

ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਲਿਖਿਆ ਹੈ:—

ਤਾਂ ਉਸ ਆਖਿਆ, ਹੇ ਪੁਤ੍ਰ! ਇਹ ਮੇਰੀ ਹਾਲਤ ਇਸ ਕਰਕੇ ਹੋਈ ਹੈ ਕਿ ਮੈਨੂੰ ਪੂਰਾ ਗੁਰੂ ਨਹੀਂ ਮਿਲਿਆ ਆਹਾ। ਜਦ ਮੇਰੇ ਅੰਤ ਦਾ ਸਮਾ ਆਇਆ ਥਾ ਉਸ ਵੇਲੇ ਮੇਰੇ ਆਸ ਪਾਸ ਕਿਸੇ ਨੇ ਮਾਸ ਰਿੰਨ੍ਹਿਆ ਸੀ, ਉਸ ਦੀ ਵਾਸ਼ਨਾ ਮੈਨੂੰ ਪਹੁੰਚੀ ਤਉ ਮੇਰਾ ਜੀਉ ਉਸ ਦੇ ਖਾਣ ਨੂੰ ਲੋਭਿਆ ਥਾ। ਇਸ ਕਰਕੇ ਮੈਨੂੰ ਇਹ ਜਨਮ ਮਿਲਿਆ ਹੈ।

[ਦੁਨੀ ਚੰਦ ਦੀ ਸਾਖੀ, ਪੰਨਾ ੩੯੩-੯੪

ਪੰਥ ਪ੍ਰਕਾਸ਼ ਇਸ ਸਾਖੀ ਨੂੰ ਇਸ ਪ੍ਰਕਾਰ ਲਿਖਦਾ ਹੈ ਕਿ ਜਦੋਂ ਦੁਨੀ ਚੰਦ ਨੇ ਬਗਿਆੜ ਨੂੰ ਇਸ ਜੂਨ ਵਿਚ ਪੈਣ ਦਾ ਕਾਰਨ ਪੁਛਿਆ ਤਾਂ ਉਸ ਨੇ ਅਗੋਂ ਉਤਰ ਦਿਤਾ :—

ਨਿਜ-ਸੁਤ ਸੇ ਇਹ ਬ੍ਰਿਥਾ ਕਹੀ।
ਇਹ ਬਿਧ ਮਮ ਦੇਹੀ ਬਘਾੜ ਕੀ ਲਈ।
ਮੇਰੇ ਸੁਤ ਸਭਨ ਕੀਓ ਸੁਗੋਤੀ।
ਤਿਸ ਕੀ ਬਾਸ ਨਾਕ ਮਹਿ ਪਹੁਤੀ।
ਬਾਸਨਾ ਹੇਤ ਮਿਰਤ ਮਮ ਭਈ।
ਇਹ ਬਿਧ ਦੇਹੀ ਬਘਾੜ ਕੀ ਲਈ।
[ਪੰਨਾ ੨੯੦-੯੧-੯੨

(ਸੁਗੋਤੀ ਤੋਂ ਭਾਵ ਹੈ ਮਾਸ ਰਿੰਨ੍ਹਣਾ)

ਪ੍ਰਾਚੀਨ ਜਨਮਸਾਖੀ ਵਾਲਾ ਇਸ ਸਾਖੀ ਨੂੰ ਥੋੜਾ ਜਿਹਾ ਫ਼ਰਕ ਨਾਲ ਲਿਖਦਾ ਹੈ। ਉਹ ਮਾਸ ਰਿੰਨ੍ਹਣ ਦੀ ਥਾਂ ਮੱਛੀ ਦਾ ਰਿੰਨ੍ਹਣਾ ਲਿਖਦਾ ਹੈ। ਬਾਕੀ ਪ੍ਰਸੰਗ ਉਪਰ ਵਾਂਗ ਹੀ ਹੈ :—

ਓਨ ਕਿਹਾ ਮੈ ਗੁਰੂ ਬਿਨਾ ਇਹ ਜਨਮ ਆਇਆ ਹਾਂ। ਫੇਰ ਕਿਹਾ ਕਿ ਇਕ ਸਿਖ ਥਾ, ਓਨ ਮੇਰੇ ਪਾਸੋਂ ਮਛੀ ਛੁਡਾਈ ਥੀ। ਜਾਂ ਮੇਰਾ ਅੰਤ ਸਮਾ ਆਇਆ, ਓਤ ਸਮੇਂ ਮੈਨਉ ਭੁਖ ਲਗੀ। ਮੇਰੇ ਪਾਸ ਮਛੀ ਰਿੰਨ੍ਹਦੇ ਥੇ। ਮੈਨਉ ਬਾਸ ਆਈ, ਮੇਰਾ ਜੀਉ ਲੋਭਿਆ, ਤਿਸਕਾ ਸਦਕਾ ਮੈ ਇਤੁ ਜਨਮ ਆਇਆ ਹਾ।
(ਪ੍ਰਾਚੀਨ ਜਨਮਸਾਖੀ, ਸਾਖੀ ਦੁਨੀ ਚੰਦ ਜੀ)

ਬਗਿਆੜ ਨੂੰ ਭੋਜਨ ਕਰਾ ਕੇ, ਦੁਨੀ ਚੰਦ ਘਰ ਮੁੜਿਆ ਅਤੇ ਸਤਿਗੁਰੂ ਜੀ ਨੂੰ ਸਾਰੀ ਵਿਥਿਆ ਸੁਣਾਈ। ਸਤਿਗੁਰੂ ਜੀ ਨੇ ਉਪਦੇਸ਼ ਕੀਤਾ, ਦੁਨੀ ਚੰਦਾ! ਤੇਰੇ ਪਿਤਾ ਦਾ ਮਾਸ ਅਥਵਾ ਮਛੀ ਖਾਣ ਨੂੰ ਜੀਉ ਲੋਭਿਆ ਅਤੇ ਉਸ ਨੂੰ ਮਾਸ ਅਥਵਾ ਮਛੀ ਦੀ ਵਾਸ਼ਨਾ ਆਈ, ਜਿਸ ਦੇ ਫਲ ਸਰੂਪ ਉਸ ਨੂੰ ਬਘਿਆੜ ਜੂਨੀ ਮਿਲੀ ਹੈ।

ਤਾਤਪਰਜ ਇਹ ਕਿ ਜੇ ਮਾਸ ਅਥਵਾ ਮਛੀ ਦੀ ਵਾਸ਼ਨਾ ਸੁੰਘਣ ਅਥਵਾ ਖ਼ਾਲੀ ਜੀਅ ਲੁਭਾਣ ਨਾਲ ਬਘਿਆੜ ਦੀ ਜੂਨ ਮਿਲਦੀ ਹੈ ਤਾਂ ਅਜਿਹੀ ਵਸਤੂਆਂ ਦੇ ਖਾਣ ਨਾਲ ਮਨੁਖ ਦਾ ਕੀ ਹਾਲ ਹੁੰਦਾ ਹੋਵੇਗਾ ਅਤੇ ਜਿਹੜੇ ਰੋਜ ਹੀ ਖਾਂਦੇ ਹਨ ਉਹਨਾਂ ਦੀ ਕੀ ਬਾਬ ਹੁੰਦੀ ਹੋਵੇਗੀ।

ਦੁਨੀ ਚੰਦ ਨੇ ਗੁਰ-ਉਪਦੇਸ਼ ਨਾਲ ਇਹਨਾਂ ਵਸਤੂਆਂ ਤੋਂ ਦੂਰ ਰਹਿਣ ਦਾ ਸੰਕਲਪ ਕੀਤਾ ਤੇ ਗੁਰ ਉਪਦੇਸ਼ ਉਤੇ ਫੁਲ ਚੜ੍ਹਾਏ।

ਸਤਿਗੁਰੂ ਜੀ ਦੇ ਜੀਵਨ ਇਤਿਹਾਸ ਦਾ ਘੋਖਵਾਂ ਅਧਿਐਨ ਦਸਦਾ ਹੈ ਕਿ ਸਤਿਗੁਰੂ ਜੀ ਦੀ ਇਸ ਲਾਹੌਰ ਫੇਰੀ ਦੀ ਹੋਰ ਕੋਈ ਕਥਾ ਨਹੀਂ ਮਿਲਦੀ। ਜਾਪਦਾ ਹੈ ਕਿ ਸਤਿਗੁਰੂ ਉਚੇਚੇ ਤੌਰ ਤੇ ਦੁਨੀ ਚੰਦ ਰਾਹੀ ਮਾਸ ਵਿਰੋਧੀ ਉਪਦੇਸ਼-ਪਰਚਾਰ ਲਈ ਹੀ ਉਥ ਗਏ ਸਨ।

## (੨) ਦੇਵ ਲੂਤ ਦੀ ਸਾਖੀ

ਸਤਿਗੁਰੂ ਜੀ ਮਹਾਰਾਜ ਦੇ ਜੀਵਨ ਦੀ ਇਕ ਹੋਰ ਘਟਨਾ ਹੈ ਕਿ ਸਤਿਗੁਰੂ ਫਿਰਦੇ ਫਿਰਾਂਦੇ ਦੈਂਤ ਧਰਤੀ ਵਿਚ ਜਾ ਪੁਜੇ ਅਤੇ ਇਕ ਜੰਗਲ ਵਿਚ ਜਾ ਡੇਰਾ ਲਾਇਆ। ਲਾਗਲੇ ਨਗਰ ਦੇ ਸਾਰੇ ਦੈਂਤ ਦਰਸ਼ਨਾਂ ਨੂੰ ਪੁਜ ਗਏ। ਉਥੋਂ ਦੇ ਰਾਜੇ ਦੇਵ ਲੂਤ ਨੂੰ ਵੀ ਪਤਾ ਲਗਾ, ਉਹ ਵੀ ਦਰਸ਼ਨ ਕਰਨ ਆ ਗਿਆ। ਜਦੋਂ ਸ਼ਾਮ ਦਾ ਵੇਲਾ ਹੋਇਆ ਤਾਂ ਦੇਵ ਲੂਤ ਨੇ ਮਹਿਸੂਸ ਕੀਤਾ ਕਿ ਇਹਨਾਂ ਨੇ ਕੁਝ ਖਾਧਾ ਪੀਤਾ ਨਹੀਂ ਹੋਏਗਾ। ਇਸ ਜੰਗਲ ਵਿਚ ਮਿਲਦਾ ਹੀ ਕੀ ਹੈ? ਸੋ ਉਸ ਨੇ



www.AKJ.Org

ਬੇਨਤੀ ਕੀਤੀ :—

ਕਰਹੁ ਰਸੋਈ ਸੰਤ ਜੀ, ਭੋਜਨ ਅਚਹੁ ਬਨਾਏ ।
ਸਰਧਾ ਪੂਰਨ ਕੀਜੀਐ, ਸੁਨ ਸ੍ਰੀ ਗੁਰੂ ਅਲਾਏ ।
(ਸੂਰਜ ਪ੍ਰਕਾਸ਼)

ਸੁਨ ਸ੍ਰੀ ਗੁਰੂ ਅਲਾਏ ਕਿ ਹੇ ਦੇਵ ਦੂਤ ! ਤੇਰੇ ਘਰ ਦਾ ਭੋਜਨ ਅਸੀਂ ਅੰਗੀਕਾਰ ਨਹੀਂ ਕਰ ਸਕਦੇ । ਦੇਵ ਲੂਤ ਨੇ ਪੁੱਛਿਆ—ਸਤਿਗੁਰੂ ਇਸ ਦਾ ਕਾਰਨ ? ਤਾਂ ਬਚਨ ਹੋਇਆ :— "ਤੂ ਮਾਸ ਖਾਂਦਾ ਹੈਂ" ਅਤੇ ਅਸੀਂ ਮਾਸਾਹਾਰੀ ਦੇ ਘਰ ਦਾ ਅੰਨ ਜਲ ਗ੍ਰਹਿਣ ਨਹੀਂ ਕਰ ਸਕਦੇ ਤਾਂ ਦੇਵ ਲੂਤ ਨੇ ਬੇਨਤੀ ਕੀਤੀ ਕਿ "ਹੁਕਮ ਕਰੋ ਮੈਂ ਕੀ ਕਰਾਂ ਜਿਸ ਨਾਲ ਤੁਸੀਂ ਕਿਰਪਾ ਕਰੋ ਤੇ ਮੇਰੇ ਘਰ ਦਾ ਭੋਜਨ ਸਵੀਕਾਰ ਕਰੋ ।" ਤਾਂ ਸਤਿਗੁਰੂ ਜੀ ਨੇ ਆਖਿਆ:—

ਪ੍ਰਥਮ ਤਜਹੁ ਆਮਿਖ ਕੇ ਖਾਨਾ ।
ਕਰਹੁ ਜਾਸ ਹਿਤ ਜੀਵਨ ਹਾਨਾ ।
ਹਿੰਸਾ ਨਹਿ ਜੀਅਨ ਕੀ ਕੀਜੈ ।
ਸਤਿਗੁਰ ਜਾਪ ਜਪਹੁ ਦੁਖ ਛੀਜੈ ।
(ਸੂਰਜ ਪ੍ਰਕਾਸ਼)

ਸਤਿਗੁਰੂ ਜੀ ਨੇ ਸਭ ਤੋਂ ਪਹਿਲਾਂ ਉਸ ਨੂੰ ਮਾਸ ਖਾਣਾ ਬੰਦ ਕਰਨ ਲਈ ਆਖਿਆ ਤੇ ਦਸਿਆ ਕਿ ਇਸ ਕਰਕੇ ਹੀ ਤੂੰ ਪ੍ਰਭੂ ਦੇ ਬੇ-ਜ਼ੁਬਾਨ ਜੀਵਾਂ ਦਾ ਘਾਤ ਕਰਦਾ ਹੈਂ । ਕਦੇ ਭੁਲ ਕੇ ਵੀ ਪ੍ਰਭੂ ਦੇ ਜੀਵਾਂ ਦੀ ਹਤਿਆ ਨਹੀਂ ਕਰਨੀ ਚਾਹੀਦੀ ।

ਤਾਂ ਦੇਵ ਲੂਤ ਨੇ ਬੇਨਤੀ ਕੀਤੀ, ਮਹਾਰਾਜ ! ਮੇਰੇ ਵਡੇ ਵਡੇਰੇ ਮਾਸ ਹੀ ਖਾ ਖਾ ਕੇ ਵਡੇ ਹੋਏ ਹਨ ਤੇ ਮੈਨੂੰ ਵੀ ਮਾਸ ਤੋਂ ਬਿਨਾਂ ਹੋਰ ਕੁਝ ਖਾਣਾ ਨਹੀਂ ਸੁਝਦਾ । ਜੇ ਮੈਂ ਮਾਸ ਖਾਣਾ ਛਡ ਦਿਤਾ ਤਾਂ ਮੈਨੂੰ ਖਾਣ ਨੂੰ ਹੋਰ ਕੁਝ ਨਹੀਂ ਮਿਲੇਗਾ ਤੇ ਇਸ ਤਰ੍ਹਾਂ ਮੈਂ ਮਰ ਜਾਵਾਂਗਾ। ਤਾਂ ਸਤਿਗੁਰੂ ਜੀ ਨੇ ਤਸੱਲੀ ਦਿਤੀ :—

ਦੇਵ ਲੂਤ ਚਿੰਤਾ ਨਾਹ ਕਰ
ਛਾਡਹੁ ਹਿੰਸਾ ਮਿਲੈ ਅਹਾਰਾ ।

ਜਿਸਨੂੰ ਸੁਣ ਕੇ :—

ਦੇਵ ਲੂਤ ਸਾਧੂ ਬ੍ਰਤ ਧਾਰਾ ।
(ਪੰਥ ਪ੍ਰਕਾਸ਼)

ਦੇਵ ਲੂਤ ਸਤਿਗੁਰੂ ਜੀ ਦਾ ਸਿਖ ਹੋਇਆ । ਮਾਸ ਖਾਣ ਤੋਂ ਅਤੇ ਜੀਵ ਹਤਿਆ ਕਰਨ ਤੋਂ ਤੋਬਾ ਕੀਤੀ। ਇਤਿਹਾਸ ਦਸਦਾ ਹੈ ਕਿ ਸਤਿਗੁਰੂ ਜੀ ਉਸ ਪਾਸ ਕਈ ਦਿਨ ਰਹੇ ਅਤੇ ਜੀਵਾਂ ਨੂੰ ਤਾਰਦੇ ਰਹੇ :—

ਕੇਤਕ ਦਿਨ ਤਾਹਿ ਰਹੇ ਗੁਸਾਈ ।
ਗੁਰਸਿਖੀ ਕੀ ਰੀਤ ਚਲਾਈ ।
ਸਭ ਰਾਖਸ਼ ਕਉ ਨਾਮ ਜਪਾਇਓ ।
ਆਮਿਖ ਖਾਨਾ ਤਿਨਾ ਤਜਾਇਓ ।
ਜੀਅ ਘਾਤ ਕੀ ਬਾਨ ਬਿਸਾਰੀ ।
ਸਤ ਸੰਗਤ ਕਰ ਹੀ ਸੁਖ ਬਾਰੀ ।
(ਸੂਰਜ ਪ੍ਰਕਾਸ਼)

ਜਨਮ ਸਾਖੀ ਭਾਈ ਮਨੀ ਸਿੰਘ ਜੀ ਇਸੇ ਸਾਖੀ ਨੂੰ ਹੇਠ ਲਿਖੇ ਅਨੁਸਾਰ ਵਰਨਣ ਕਰਦੀ ਹੈ :—

ਗੁਰੂ ਨਾਨਕ ਜੀ ਰਾਖਸ਼ਾਂ ਨੂੰ ਮਿਲੇ ਤਾਂ ਉਹਨਾਂ ਅਰਜ਼ ਕੀਤੀ "ਜੀ ਸੁ ਅਸਾਨੂੰ ਤੁਸੀਂ ਕੋਈ ਐਸਾ ਉਪਦੇਸ਼ ਦੇਵੋ ਜੇ ਸਾਡੀ ਰਾਖਸ਼ ਜੂਨ ਕਟੀਐ ।" ਤਾਂ ਬਚਨ ਹੋਇਆ ਕਿ "ਤੁਸੀਂ ਸਤਿਨਾਮ ਦਾ ਜਾਪ ਜਪਣਾ, ਕੰਦ ਮੂਲ ਦਾ ਅਹਾਰ ਕਰਨਾ (ਸਾਕਾਹਾਰ ਅਥਵਾ ਨਿਮਾਸ਼ ਅਹਾਰ) ਇਸ ਤੋਂ ਛੁਟ ਹੋਰ ਕੋਈ ਅਹਾਰ ਨਾਹ ਕਰਨਾ।" [ਜਨਮ ਸਾਖੀ ਭਾ: ਮਨੀ ਸਿੰਘ

ਜਨਮ ਸਾਖੀ ਭਾ: ਬਾਲਾ ਵਿਚ ਲਿਖਿਆ ਹੈ :—

ਸਤਿਗੁਰੂ ਜੀ ਦੈਂਤਾਂ ਦੀ ਧਰਤੀ ਤੇ ਜਾ ਪੁਜੇ । ਬਾਬੇ ਦਾ ਪ੍ਰਤਾਪ ਸੁਣ, ਉਥੇ ਦਾ ਰਾਜਾ ਦੇਵ ਲੂਤ ਆ ਚਰਨੀ ਢਠਾ ਤੇ ਅਰਜ਼ ਕੀਤੀ :— 'ਗੁਰੂ ਜੀ ਚਲੋ ਮੰਦਰ ਮੇਂ ਬੈਠੋ ਅਰ ਰਸੋਈ ਭੋਜਨ ਕਰੋ" ਤਾਂ ਨਾਨਕ ਹਸ ਕਰ ਕਹਿਆ, "ਰਾਜਾ ! ਤੇਰਾ ਖਾਜ ਅਸਾਡੇ ਕੰਮ ਨਾਹੀ" ਤਾਂ ਰਾਜੇ ਕਹਿਆ ਕਿ ਤੁਸੀਂ ਅਪਣਾ ਖਾਜ ਹੀ ਖਾਓ ਤਾਂ ਫਿਰ ਬਾਬੇ ਨਾਨਕ ਕਿਹਾ, "ਜੇ ਰਾਜਾ ਤੂ ਭਲਾ ਕਰੇਂ ਤਾਂ ਇਹ ਖਾਜ (ਮਾਸ ਖਾਣਾ) ਛਡ ਦੇਹ ।" ਤਾਂ ਰਾਜੇ ਕਹਿਆ ਤੂ ਛਡਾਏਂ ਤਾਂ ਛਡੀਏਂ ਗਾ ।" [ਜਨਮ ਸਾਖੀ ਭਾ: ਬਾਲਾ, ਪੰਨਾ ੬੯

ਉਪ੍ਰੋਕਤ ਸਾਖੀ ਦਾ ਤਾਤਪਰਜ ਇਹ ਹੈ ਕਿ ਸਤਿਗੁਰੂ ਅਜਿਹੇ ਸਿਖ ਦੇ ਘਰ ਦਾ ਭੋਜਨ ਗਹਿਣ ਨਹੀਂ



www.AKJ.Org

ਕਰਦੇ ਜਿਹੜਾ ਕਿ ਮਾਸ ਖਾਂਦਾ ਹੋਵੇ । ਮਾਸਾਹਾਰੀ ਦੇ ਘਰ ਦਾ ਲੰਗਰ ਗੁਰੂ ਘਰ ਵਿਚ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਉਪ੍ਰੋਕਤ ਸਾਖੀ ਦਸਦੀ ਹੈ ਕਿ ਗੁਰੂ ਨਾਨਕ ਪਾਤਸ਼ਾਹ ਦੀ ਇਹ ਮਰਯਾਦਾ ਹੈ ਕਿ ਮਾਸ ਖਾਣ ਵਾਲੇ ਦੇ ਘਰ ਦਾ ਪ੍ਰਸ਼ਾਦ ਉਹ ਅੰਗੀਕਾਰ ਨਹੀਂ ਕਰਦੇ। ਜਾਪਦਾ ਹੈ ਕਿ ਸਤਿਗੁਰੂ ਜੀ ਇਸ ਦੇਵ ਧਰਤੀ ਵਿਚ ਜਿਹੜੀ ਕਿ ਜੈਂਤੀਆ ਅਤੇ ਖਸੀਆ ਹਿਲਜ਼ ਦੇ ਇਲਾਕੇ ਵਿਚ ਹੈ, ਕੇਵਲ ਗੁਰੂ ਘਰ ਦੀ ਉਪ੍ਰੋਕਤ ਮਰਯਾਦਾ ਦਰਸਾਉਣ ਲਈ ਹੀ ਗਏ ਸਨ ।

## (੩) ਕੌਡੇ ਰਾਖਸ਼ ਦੀ ਸਾਖੀ

ਕੌਡੇ ਰਾਖਸ਼ ਦੀ ਸਾਖੀ ਇਤਿਹਾਸ ਪ੍ਰਸਿਧ ਹੈ। ਕੌਡਾ ਜੰਗਲ ਵਿਚ ਰਹਿੰਦਾ ਤੇ ਜੀਵਾਂ ਨੂੰ ਤਲ ਤਲ ਕੇ ਖਾਣ ਲਈ ਸਦਾ ਤੇਲ ਦਾ ਕੜਾਹਾ ਤਪਾਈ ਰਖਦਾ ਸੀ। ਜੇ ਕਿਧਰੇ ਕੋਈ ਜੀਵ ਨਾ ਮਿਲੇ ਤੇ ਕੋਈ ਮਨੁਖ ਮਿਲ ਜਾਏ ਤਾਂ ਉਸਨੂੰ ਵੀ ਤਲ ਕੇ ਖਾ ਜਾਣ ਤੋਂ ਸੰਕੋਚ ਨਹੀਂ ਸੀ ਕਰਦਾ ।

ਸਤਿਗੁਰੂ ਗੁਰੂ ਨਾਨਕ ਪਾਤਿਸ਼ਾਹ ਸੈਂਕੜੇ ਮੀਲਾਂ ਦਾ ਸਫਰ ਕਰ ਕੇ ਉਸ ਦਾ ਉਧਾਰ ਕਰਨ ਲਈ ਉਸ ਪਾਸ ਪੁਜੇ ।

ਇਤਿਹਾਸਕਾਰਾਂ ਦੀਆਂ ਇਥੇ ਦੋ ਰਾਵਾਂ ਹਨ। ਕਈ ਤਾਂ ਲਿਖਦੇ ਹਨ ਕਿ ਮਰਦਾਨਾ ਉਸ ਦੇ ਢਹੇ ਚੜ੍ਹ ਗਿਆ ਤੇ ਉਹ ਉਸੇ ਨੂੰ ਹੀ ਤਲਣ ਲਗਾ ਸੀ ਕਿ ਸਤਿਗੁਰੂ ਜੀ ਆ ਪੁਜੇ ਤੇ ਉਹਨਾਂ ਦੇ "ਸਤਿ ਕਰਤਾਰ" ਕਹਿੰਦਿਆਂ ਹੀ ਕੜਾਹਾ ਠੰਢਾ ਹੋ ਗਿਆ। ਦੂਜੇ ਮਤ ਵਾਲੇ ਲਿਖਦੇ ਹਨ ਕਿ ਸਤਿਗੁਰੂ ਨੂੰ ਹੀ ਉਹ ਚੁਕ ਕੇ ਕੜਾਹੇ ਵਿਚ ਪਾ ਕੇ ਤਲਣ ਲਗਾ ਸੀ ਕਿ ਕੜਾਹ ਠੰਢਾ ਯਖ ਹੋ ਗਿਆ।

ਖੈਰ ਕੁਝ ਵੀ ਹੋਵੇ, ਸਿਟਾ ਇਹ ਕਿ ਸਤਿਗੁਰੂ ਜੀ ਨੇ ਉਸ ਨੂੰ ਉਪਦੇਸ਼ ਦਿਤਾ ਕਿ 'ਭਾਈ ਕੌਡਾ! ਇਹ ਜੀਵਾਂ ਨੂੰ ਖਾਣਾ ਚੰਗਾ ਕੰਮ ਨਹੀਂ। ਰਬ ਦੇ ਜੀਵਾਂ ਉਤੇ ਦਇਆ ਕਰਨ ਨਾਲ ਹੀ ਜਨਮ ਸਫਲਾ ਹੁੰਦਾ ਹੈ। ਕੌਡੇ ਨੇ ਅਗੋਂ ਤੋਂ ਮਾਸ ਖਾਣ ਤੋਂ ਤੋਬਾ ਕੀਤੀ ਤੇ ਸਤਿਗੁਰੂ ਜੀ ਦਾ ਸਿਖ ਹੋਇਆ। ਸਤਿਗੁਰੂ ਜੀ ਨੇ ਉਸ ਨੂੰ ਮੰਜੀ ਬਖਸ਼ੀ ਤੇ ਪ੍ਰਚਾਰਕ ਥਾਪਿਆ।

## (੪) ਬਾਬਾ ਜਵਾਹਰ ਮਲ ਦੇ ਚੁਹੱਟੇ ਲਾਹੌਰ ਵਿਚ

ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਸਤਿਗੁਰੂ ਜੀ ਇਕ ਵੇਰ ਖਾਲੜੇ ਤੋਂ ਲਾਹੌਰ ਪੁਜੇ। ਜਵਾਹਰ ਮਲ ਦੇ ਚੁਹੱਟੇ ਵਿਖੇ ਸਿਰੀਆਂ ਦੇ ਮਹਲੇ ਵਿਚ ਖੂਹ ਦੇ ਲਾਗੇ ਪਿਪਲ ਹੇਠਾਂ, ਥੜ੍ਹੇ ਉਤੇ ਰਾਤ ਕਟੀ। ਸਵੇਰੇ ਆਪਣੇ ਨਿਯਮ ਅਨੁਸਾਰ ਪਹਿਰ ਰਾਤ ਰਹੀ ਤੇ ਉਠੇ ਤੇ ਕੀ ਵੇਖਿਆ ਕਿ ਉਥੇ ਕਸਾਈ ਬਕਰਿਆਂ ਤੇ ਗਊਆਂ ਦਾ ਘਾਤ ਕਰ ਕਰ ਕੇ ਸਿਰੀਆਂ ਟੰਗ ਰਹੇ ਸਨ। ਇਹ ਵੇਖ ਬਾਬਾ ਬੋਲਿਆ :—

ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ ॥

[ਸਲੋਕ ਵਾਰਾਂ ਤੇ ਵਧੀਕ-੧੪੧੨

[ਤਾਰੀਖ਼ ਗੁਰੂ ਖ਼ਾਲਸਾ—੬੪

ਪ੍ਰਭੂ ਦੇ ਬੇ ਜ਼ੁਬਾਨ ਜੀਵਾਂ ਦਾ ਜਿਸ ਨਗਰ ਵਿਚ ਬੇਦਰੇਗ ਕਤਲ ਆਮ ਹੋ ਰਿਹਾ ਹੋਵੇ, ਬਾਬੇ ਦੀ ਨਜ਼ਰ ਵਿਚ ਉਹ ਨਗਰੀ ਨਿਰਸੰਦੇਹ "ਜਹਰੁ ਕਹਰੁ" ਭਰੀ ਹੀ ਹੋ ਸਕਦੀ ਹੈ।

ਜੀਭ-ਸੁਆਦ ਲਈ ਜੀਵਾਂ ਦੀ ਹਤਿਆ ਕਰਨ ਵਾਲੇ ਅਤੇ ਉਹ ਪੇਟ ਜਿਹਨਾਂ ਵਿਚ ਰੋਜ਼ ਹੀ ਕੁਕੜ ਤੇ ਬਕਰੇ ਕਟ ਕਟ, ਭੁਨ ਤਲ ਕੇ ਜਾਂਦੇ ਹਨ, ਕੀ ਉਹ "ਜਹਰੁ ਕਹਰੁ" ਨਹੀਂ ਹੋਣਗੇ ?"

ਕੀ ਬਾਬਾ ਉਹਨਾਂ ਨੂੰ ਸ਼ਾਬਾਸ਼ ਦੇਵੇਗਾ ਜਿਹੜੇ ਜੀਭ ਸੁਆਦ ਲਈ ਜੀਵ ਹਤਿਆ ਕਰਦੇ ਕਰਾਂਦੇ ਹਨ ?

## (੫) ਜਨੇਊ ਪਾਣ ਦੀ ਸਾਖੀ

ਸਤਿਗੁਰੂ ਨਾਨਕ ਪਾਤਿਸ਼ਾਹ ਉਦੋਂ ਸਤ ਸਾਲ ਦੇ ਸਨ ਜਦੋਂ ਉਹਨਾਂ ਨੂੰ ਜਨੇਊ ਪਾਣ ਦੀ ਰਸਮ ਕਰਨ ਲਈ ਪ੍ਰੋਹਤ ਆ ਗਿਆ। ਯਗੋ-ਪਵੀਤ ਦੀ ਰਸਮ ਦੀ ਸਾਰੀ ਤਿਆਰੀ ਕਰ ਲਈ ਗਈ। ਕੁਝ ਇਕ ਆਰੰਭਕ ਰਸਮਾਂ ਹੋ ਵੀ ਗਈਆਂ ਤਾਂ ਬਾਬੇ ਨੇ ਵੇਖਿਆ ਕਿ ਹੁਣ ਇਹਨਾਂ ਰਸਮਾਂ ਰਵਾਜਾਂ ਅਨੁਸਾਰ ਬਕਰਾ ਮਾਰਿਆ ਜਾਣਾ ਹੈ ਤੇ ਇਸੇ ਬਕਰੇ ਦੇ ਮਾਸ ਦੀ ਰੋਟੀ ਸਾਰੀ ਬਰਾਦਰੀ ਨੂੰ ਖੁਆਈ ਜਾਏਗੀ। ਇਸ ਗੱਲ ਦਾ ਜ਼ਿਕਰ ਬਾਬੇ ਨੇ ਬਾਣੀ ਵਿਚ ਕੀਤਾ ਹੈ :—



www.AKJ.Org

ਤਗੁ ਕਪਾਹਹੁ ਕਤੀਐ, ਬਾਮਣੁ ਵਟੇ ਆਇ ॥
ਕੁਹਿ ਬਕਰਾ ਰਿੰਨਿ੍ ਖਾਇਆ, ਸਭੁ ਕੋ ਆਖੈ ਪਾਇ ॥
[ਆਸਾ ਦੀ ਵਾਰ ਮਹਲਾ ੧
[ਤਾਰੀਖ ਗੁਰੂ ਖਾਲਸਾ

ਬਾਬੇ ਨੇ ਬਕਰਾ ਨਾ ਵਢਣ ਦਿਤਾ ਤੇ ਆਖਿਆ ਕਿ ਜੇ ਰਬ ਦੇ ਜੀਵ ਦੀ ਹਤਿਆ ਕੀਤੇ ਬਿਨਾ ਜਨੇਊ ਨਹੀਂ ਪਾਇਆ ਜਾ ਸਕਦਾ ਤਾਂ ਮੈਨੂੰ ਇਸ ਜਨੇਊ ਦੇ ਪਾਣ ਦੀ ਕੋਈ ਲੋੜ ਨਹੀਂ। ਰਸਮ ਵਿਚੇ ਰਹਿ ਗਈ।

ਨਾਨਕ ਪ੍ਰਕਾਸ਼ ਲਿਖਦਾ ਹੈ :—

ਭੋਜਨ ਹੇਤ ਆਨ ਇਕ ਛਾਈ।
ਆਮਿਖ ਕਾਰਨ ਛਾਂਗ ਮੰਗਾਈ।

ਐਪਰ ਸਤਿਗੁਰੂ ਜੀ ਨੇ :—

ਸੁਨ ਪ੍ਰੋਧਾ ਕੇ ਬਚਨ ਕ੍ਰਿਪਾਲਾ।
ਕਮਲ ਬਚਨ ਕਹਿ ਗਿਰਾ ਰਸਾਲਾ।
ਦਿਜ ਬਾਹਜ ਕੋ ਧਰਮ ਜੁ ਆਹੀ।
ਗਰ ਮਹਿ ਪਾਇ ਸੂਤ ਰਹਾਈ।
ਕਿਧੋ ਸੁ ਕਰਮ ਕਰੇ ਤੇ ਰੇਹਈ।
ਦਯਾ ਆਦਿ ਜੇ ਸੁਭ ਨਿਤਬਹਈ।
ਅੰਤ ਪ੍ਰਜੰਤ ਦੁਸ਼ਟਤਾ ਧਾਰੈ।
ਝੂਠ ਪਿਸਨਤਾ ਚਿਤ ਹਿਤਕਾਰੈ।
ਜੋ ਖਤ੍ਰੀ ਦਿਜ ਕਿਧੋ ਚੰਡਾਲਾ।
ਸਹਹਿ ਜਾਇ ਜੰਮ ਦੰਡ ਬਸਾਲਾ।
[ਨਾਨਕ ਪ੍ਰਕਾਸ਼-ਪੂਰਬਾਧ, ਅਧਿਆਇ ੯

ਸਤਿਗੁਰੂ ਜੀ ਦਾ ਕਥਨ ਹੈ ਕਿ ਮਾਸ ਖਾਣ ਵਾਲਾ ਕੋਈ ਵੀ ਹੋਵੇ, ਖਤ੍ਰੀ, ਬ੍ਰਾਹਮਣ ਜਾਂ ਚੰਡਾਲ, ਸਭ ਨੂੰ ਹੀ ਜਮਾਂ ਦੀ ਮਾਰ ਪਵੇਗੀ ਤੇ ਕੋਈ ਵੀ ਇਸ ਮਾਰ ਤੋਂ ਬਚ ਨਹੀਂ ਸਕੇਗਾ।

ਸਤਿਗੁਰੂ ਜੀ ਦੇ ਉਸ ਸਮੇਂ ਉਚਾਰੇ ਬਚਨਾਂ ਨੂੰ ਗਹੁ ਨਾਲ ਵੇਖਿਆਂ ਸਿਧ ਹੁੰਦਾ ਹੈ ਕਿ ਗੁਰੂ ਬਾਬੇ ਨੇ ਕੇਵਲ ਇਸੇ ਲਈ ਹੀ ਜਨੇਊ ਨਹੀਂ ਸੀ ਪਵਾਇਆ ਕਿ ਇਸ ਦੀ ਰਸਮ ਅਨੁਸਾਰ "ਕੁਹਿ ਬਕਰਾ ਰਿੰਨ੍ਹਿ" ਖਾਣਾ ਜ਼ਰੂਰੀ ਸੀ, ਪਰ ਸਤਿਗੁਰੂ ਕਿਸੇ ਬੇ-ਗੁਨਾਹ ਤੇ ਨਿਤਾਣੇ ਜੀਵ ਦੀ ਹਤਿਆ ਕਰਨ ਦੇ ਸਖ਼ਤ ਵਿਰੋਧੀ ਸਨ।

ਸਤਿਗੁਰੂ ਕੋਈ ਅਜਿਹੀ ਰਸਮ, ਭਾਵੇਂ ਉਹ ਧਾਰਮਿਕ ਤੇ ਕਿਤਨੀ ਹੀ ਪਵਿਤ੍ਰ ਕਿਉਂ ਨਾ ਅਖਵਾਂਦੀ ਹੋਵੇ, ਨਹੀਂ ਸਨ ਕਰ ਸਕਦੇ ਜਿਸ ਵਿਚ ਜੀਵ-ਹਤਿਆ ਹੁੰਦੀ ਹੋਵੇ। ਸਤਿਗੁਰੂ ਜੀ ਨੇ ਜਨੇਊ ਪਾਣ ਆਏ ਪ੍ਰੋਹਤ ਨੂੰ ਆਖਿਆ, ਜੇ ਤੂੰ ਮੈਨੂੰ ਜਨੇਊ ਪਾਣਾ ਹੈ ਤਾਂ ਲਿਆ ਅਜਿਹਾ ਜਨੇਊ, ਜਿਸ ਵਿਚ :—

"ਦਇਆ-ਕਪਾਹ, ਸੰਤੋਖੁ-ਸੂਤੁ" ਅਤੇ
"ਜਤੁ ਗੰਢੀ" ਤੇ 'ਸਤੁ ਵਟੁ' ਹੋਵੈ

ਜਿਸ ਵਿਚ ਦਇਆ ਹੋਵੇ, ਸੰਤੋਖ ਸ਼ਾਂਤੀ ਤੇ ਸਬਰ ਸ਼ੁਕਰ ਹੋਵੇ, ਜਿਸ ਵਿਚ ਉਚ ਅਚਾਰ ਤੇ ਲੋਹੇ ਵਰਗਾ ਪਕਾ ਤੇ ਪਹਾੜ ਵਰਗਾ ਅਹਿਲ ਆਚਰਨ ਹੋਵੇ। ਜੇ ਇਹੋ ਜਿਹਾ ਜਨੇਊ ਤੇਰੇ ਕੋਲ ਹੈ ਤਾਂ ਮੈਂ ਹਾਜ਼ਰ ਹਾਂ, ਆ ਮੇਰੇ ਗਲ ਪਾ ਦੇਹ। ਇਹ ਬੇਜ਼ੁਬਾਨ ਤੇ ਮਾਸੂਮ ਜੀਵਾਂ ਦੀ ਹਤਿਆ ਕਰ ਕੇ ਕੋਈ ਜਨੇਊ ਪਾਣ ਲਈ ਮੈਂ ਤਿਆਰ ਨਹੀਂ।

ਇਸ ਸਾਖੀ ਦਾ ਤਾਤਪਰਜ ਇਹ ਹੈ ਕਿ ਕੋਈ ਰਸਮ, ਜਿਸ ਵਿਚ ਕਿਸੇ ਜੀਵ ਦੀ ਹਤਿਆ ਹੁੰਦੀ ਹੋਵੇ ਗੁਰੂ ਨਾਨਕ ਦੇ ਘਰ ਵਿਚ ਪ੍ਰਵਾਨ ਨਹੀਂ ਅਤੇ ਇਹ ਗੁਰੂ ਨਾਨਕ ਜੀ ਦੇ ਮਤ ਵਿਰੁਧ ਹੈ।

## (੬) ਮਕੇ ਮਦੀਨੇ ਦੀ ਸਾਖੀ

ਪਛਮ ਦੀ ਉਦਾਸੀ ਵਿਚ ਸਤਿਗੁਰੂ ਜੀ ਮੱਕੇ ਅਥਵਾ ਮਦੀਨੇ ਗਏ। ਉਥੇ ਕਾਜ਼ੀ ਰੁਕਨ ਦੀਨ ਨਾਲ ਗੋਸ਼ਟ ਹੋਈ ਤਾਂ ਸਤਿਗੁਰੂ ਜੀ ਨਸੀਹਤਨਾਮੇ ਵਿਚ ਉਚਾਰਨ ਕਰਦੇ ਹਨ :—

ਜੀਅ ਮਾਰ ਜੋ ਖਾਵੰਦੇ, ਕਹਿਸਨ ਮੂੰਹੋਂ ਹਲਾਲ।
ਜ਼ਰਾ ਜ਼ਰਾ ਸੁ ਕੁਹਸੀਅਨ, ਦਰਗਹਿ ਨਿਆਉ ਸੰਭਾਲ।
[ਤਾਰੀਖ ਗੁਰੂ ਖਾਲਸਾ-੨੨੨
ਕਟ ਕਟ ਫੇਰ ਜਲਾਈਅਨ, ਲਕੜੀ ਹੋਇ ਅੰਗਾਰ।
ਖਾਵਨ ਮਾਰ ਹਵਾਨ ਕੋ, ਕਰ ਦਰਿੰਦ ਸ਼ਿਕਾਰ।
ਮੈਲ ਹੋਇ ਕੇ ਖਾਕ ਵਿਚ ਏਵੇ ਨਿਤ ਸਮਾਇ।
ਬਾਰ ਬਾਰ ਇਸ ਤੌਰ ਹੀ ਜਲ ਬਲ ਖਾਕ ਮਿਲਾਇ।
[ਤਾਰੀਖ ਗੁਰੂ ਖਾਲਸਾ-੨੩੦
ਮਾਰਨ ਮਰਨਾ ਦੁਸ਼ਮਨੀ, ਕਦੇ ਨ ਛੋਡਹਿ ਕੋਇ।
ਜੈਸਾ ਕੋਈ ਬੀਜਸੀ ਫਿਰ ਲੁਣਸੀ ਤੈਸਾ ਸੋਇ।.........


www.AKJ.Org

ਸਭਨਾ ਉਪਰ ਸਦ ਰਹੈ, ਦੇਂਦੇ ਹਕ ਗਵਾਇ।
ਧ੍ਰਿਗ ਅਵੇਹਾ ਖਾਵਣਾ, ਜਿਤ ਖਾਧੈ ਮਿਲੈ ਸਜਾਇ।

[ਮਕੇ ਦੀ ਸਾਖੀ, ਜਨਮ ਸਾਖੀ ਭਾ: ਬਾਲਾ

ਅਤੇ ਜਦੋਂ ਕਾਜ਼ੀ ਰੁਕਨ ਦੀਨ ਨੇ ਪੁਛਿਆ ਕਿ ਫਿਰ ਕੀ ਖਾਣਾ ਚਾਹੀਦਾ ਹੈ ? ਤਾਂ ਬਾਬੇ ਉਤਰ ਦਿਤਾ :—

ਬਾਝਹੁ ਪਾਣੀ ਅੰਨ ਦੇ, ਖਾਣਾ ਹੋਰ ਹਰਾਮ।

ਭਾਵ ਇਹ ਕਿ ਮਨੁਖ ਦੇ ਖਾਣ ਯੋਗ ਕੇਵਲ ਸਾਕਾਹਾਰ ਜਾਂ ਨਿਰਾਮਸ਼ ਭੋਜਨ ਹੀ ਹੈ, ਮਾਸ ਆਦਿ ਹਰਗਿਜ਼ ਨਹੀਂ।

ਜੋ ਕਰੈ ਰਿਆਜ਼ਤ ਬੰਦਗੀ, ਤਿਨਾ ਮਾਸੁ ਨਪਾਕ।
ਸਭਨਾ ਅੰਦਰ ਰਮ ਰਿਹਾ, ਹਰ ਦਮ ਸਾਹਿਬ ਆਪ।

[ਜਨਮ ਸਾਖੀ ਭਾ: ਬਾਲਾ

ਰਿਆਜ਼ਤ ਜਾਂ ਬੰਦਗੀ ਤੋਂ ਭਾਵ ਹੈ ਸਿਮਰਨ। ਸਤਿਗੁਰੂ ਜੀ ਦੇ ਕਥਨ ਅਨੁਸਾਰ ਸਿਮਰਨ ਕਰਨ ਵਾਲਿਆਂ ਲਈ ਮਾਸ ਖਾਣਾ ਹਰਗਿਜ਼ ਉਚਿਤ ਨਹੀਂ ਹੈ। ਸਿਖੀ ਦਾ ਮੁਖ ਅੰਗ ਤਾਂ ਹੈ ਹੀ ਸਿਮਰਨ। ਸਿਖ ਭਾਵੇਂ ਫ਼ੌਜ ਵਿਚ ਹੋਵੇ, ਭਾਵੇਂ ਖੇਤ ਵਿਚ ਹਲ ਵਾਹੁੰਦਾ ਹੋਵੇ, ਭਾਵੇਂ ਹਟੀ ਉਤੇ ਬੈਠਾ ਤਕੜੀ ਤੋਲਦਾ ਤੇ ਭਾਵੇਂ ਕੁਰਸੀ ਉਤੇ ਬੈਠਾ ਹੁਕਮ ਚਲਾਉਂਦਾ; ਸਿਮਰਨ ਸਭ ਲਈ ਮੁਖ ਵਸਤੂ ਅਤੇ ਪਰਮ ਜ਼ਰੂਰੀ ਹੈ। ਸਤਿਗੁਰੂ ਜੀ ਨੇ ਸਿਖ ਨੂੰ ਪਹਿਲਾਂ ਸੰਤ ਅਤੇ ਪਿਛੋਂ ਸਿਪਾਹੀ ਬਣਾਇਆ ਹੈ, ਇਸ ਲਈ ਸਿਮਰਨ ਪਹਿਲਾਂ ਜ਼ਰੂਰੀ ਹੈ ਅਤੇ ਬਾਬਾ ਨਾਨਕ ਜੀ ਦੇ ਕਥਨ ਅਨੁਸਾਰ ਸਿਮਰਨ (ਰਿਆਜ਼ਤ ਬੰਦਗੀ) ਕਰਨ ਵਾਲੇ ਲਈ ਤਾਂ "ਮਾਸੁ ਨਪਾਕ" ਹੈ, ਭਾਵ ਸਿਖ ਲਈ ਮਾਸ ਖਾਣਾ ਯੋਗ ਨਹੀਂ। ਇਹ ਸਤਿਗੁਰੂ ਨਾਨਕ ਪਾਤਿਸ਼ਾਹ ਦੇ ਵਿਚਾਰ ਹਨ।

ਸਤਿਗੁਰੂ ਨਾਨਕ ਪਾਤਿਸ਼ਾਹ ਮਾਸ ਖਾਣ ਵਾਲਿਆਂ ਨੂੰ ਸੰਬੋਧਨ ਕਰਦੇ ਹਨ :—

ਗਊ ਭੈਸ ਅਤੇ ਮੁਰਗਾਈਆਂ, ਹੋਇ ਹੈਵਾਨ ਗਰੀਬ।
ਤਹ ਪਰ ਛੁਰੀ ਹਰਾਮ ਹੈ, ਖਾਵਨ ਤਿਨਾ ਪਲੀਤ।
ਜੋ ਬਿਚਾਰੇ ਜਾਨਵਰ, ਤਿਨਾ ਕਰਨ ਹਲਾਲ।
ਬਿਨਾ ਰਜਾਇ ਖੁਦਾਇ ਦੀ, ਤਿਹ ਪਰ ਛੁਰੀ ਜ਼ਵਾਲ।
ਮੁਈ ਸ਼ੈ ਮੁਰਦਾਰ ਹੈ, ਸਹਿਕੇ ਜਾਨ ਕੁਵਾਇ।
ਖਾਣੀ ਇਹ ਹਰਾਮ ਹੈ, ਤਿਨ ਪਰ ਛੁਰੀ ਰਵਾਇ।
ਖਾਧਿਆਂ ਮਾਸੁ ਗੁਨਾਹ ਹੈ, ਜੋਰੀ ਜੀਅ ਹਲਾਲ।
ਜੋਰੀ ਕੁੱਠਾ ਹਰਾਮ ਹੈ, ਤਿਸ ਤੇ ਹੋਇ ਜ਼ਵਾਲ।

[ਜਨਮ ਸਾਖੀ ਭਾ: ਬਾਲਾ

ਪੀਏਂ ਪਿਆਲੇ ਵ ਖਾਏਂ ਕਬਾਬ।
ਦੇਖੋ ਵੇ ਲੋਗ ਹੋਤੇ ਹੈ ਖਰਾਬ।

[ਨਸੀਹਤਨਾਮਾ-ਤਾਰੀਖ਼ ਗੁਰੂ ਖ਼ਾਲਸਾ ਪੰਨਾ ੨੫੩

ਕੁਹੰਦੇ ਪਕੜ ਪਰਿੰਦਿਆਂ, ਔਰ ਦਰਿੰਦੇ ਜੀਆਂ।
ਮਾਰਨ ਛੁਰੀਆਂ ਲਤ ਦੇ, ਕਹਿਨ ਹਲਾਲੀ ਥੀਆ।
ਤੁਰਦੇ ਫਿਰਦੇ ਜੀਅ ਨੂੰ, ਦੇਵਨ ਜੋਇ ਅਜ਼ਾਰ।
ਖਾਵਨ ਮਾਸ ਹਲਾਲ ਕਰ, ਹੋਸਨ ਅੰਤ ਖੁਆਰ।

(ਮਦੀਨੇ ਦੀ ਸਾਖੀ ਜਨਮ ਸਾਖੀ ਭਾ: ਬਾਲਾ)

ਭਾ: ਬਾਲੇ ਦੀ ਜਨਮ ਸਾਖੀ ਅਨੁਸਾਰ ਜਦੋਂ ਸਤਿਗੁਰੂ ਜੀ ਮਦੀਨੇ ਪੁਜੇ ਤਾਂ ਮਾਸਾਹਾਰੀਆਂ ਦੇ ਇਕ ਚੰਗੇ ਤਗੜੇ ਹਜੂਮ ਨੇ ਆਪ ਜੀ ਨੂੰ ਘੇਰ ਲਿਆ ਤੇ ਉਹਨਾਂ ਉਤੇ ਮਾਸ ਖਾਣ ਸੰਬੰਧੀ ਸੁਆਲਾਂ ਦੀ ਬੁਛਾੜ ਕਰ ਦਿਤੀ। ਤਾਂ ਸਤਿਗੁਰੂ ਜੀ ਨੇ ਇਤਨੇ ਭਾਰੇ ਮਜਮੇ ਵਿਚ ਵੀ ਬਿਨਾਂ ਕਿਸੇ ਡਰ ਝਿਜਕ ਦੇ ਜੁਰਅਤ ਨਾਲ ਇਹ ਬਚਨ ਕੀਤੇ :—

ਕਾਰਨ ਸੁਆਦੇ ਨਫ਼ਸ ਦੇ, ਜਾਨਾਂ ਜ਼ਿਬਾਹ ਕਰਾਏ।
ਜਿਸਨੂੰ ਕੋਈ ਮਾਰਸੀ ਫਿਰ ਉਹ ਭੀ ਕੁਹਸੀ ਆਏ।
ਜਿਸਨੂੰ ਕੋਈ ਮਾਰਸੀ ਉਹ ਭੀ ਮਾਰਨ-ਹਾਰ।
ਕਿਆਮਤੀ ਲੇਖਾ ਨਿਬੜੈ ਛੁਟੈ ਕਿਵੇਂ ਨਾਹ ਯਾਰ।
ਜ਼ੁਲਮ ਕਰੇਂਦੇ ਜ਼ਾਲਮਾਂ ਫਿਰ ਕਰਨ ਗਰੀਬਾਂ ਜ਼ੋਰ।
ਪਉਸਨ ਦੋਜ਼ਖ ਹਾਵੀਏ ਜਿਉਂ ਲਹੇ ਸਜਾਈਂ ਚੋਰ।
ਖਾਵਨ ਮਾਸ ਗਰੀਬ ਦਾ ਆਖਨ ਥੀਆ ਹਲਾਲ।
ਫਿਰ ਲੈਸਨ ਮਾਸ ਸੰਭਾਲ ਕੇ ਜਿਉ ਦਿਤਾ ਲੈਨ ਸੰਭਾਲ।
ਮਾਰਨ ਮਰਨਾ ਦੁਸ਼ਮਨੀ ਕਦੇ ਨ ਛੋਡੈ ਕੋਇ।
ਜੈਸਾ ਕੋਈ ਬੀਜਸੀ ਫਿਰ ਤੈਸਾ ਲੁਣਸੀ ਸੋਇ।
ਦਏ ਅਜ਼ਾਬ ਗਰੀਬ ਨੂੰ ਖਾਇ ਤਿਨਾ ਦਾ ਮਾਸੁ।
ਮੁਰਗੀ ਮਾਰੇ ਪੀਰ ਜੀ ਕਰੇ ਗਰੀਬੀ ਘਾਤੁ।
ਨਾਨਕ ਆਖੇ ਰੁਕਨਦੀਨ, ਲਿਖਿਆ ਵਿਚ ਕਿਤਾਬ।
ਗਊ ਸੂਰ ਨੂੰ ਮਾਰਿਆਂ, ਲਗਨ ਬਹੁਤ ਅਜ਼ਾਬ।
ਮਾਸ ਮਛੀ ਜੋ ਖਾਵੰਦੇ ਤਿਨਾ ਵਡੇ ਜੰਜਾਲ।
ਜੋ ਜੀਅ ਮਾਰ ਜਿਵਾਲਸੀ, ਤਿਨਾ ਮਾਸੁ ਹਲਾਲ।



www.AKJ.Org

ਜ਼ੋਰੋ ਜ਼ੁਲਮ ਹਰਾਮ ਹੈ, ਜੋ ਸਿਰਿ ਗਰੀਬਾਂ ਹੋਇ।
ਬੇ ਜ਼ੁਬਾਨਾਂ ਨੂੰ ਮਾਰ ਕੇ, ਖਾਵੇ ਮਾਸੁ ਨ ਕੋਇ।
ਜਿਤੀ ਪੈਦਾਇਸ਼ ਰਬ ਦੀ, ਕਾਨ ਹੈਵਾਨ ਨਬਾਤ।
ਸਭਨਾਂ ਅੰਦਰ ਇਕ ਰਬ, ਕੀਚਹਿ ਨਾਹੀ ਘਾਤ।
[ਮਦੀਨੇ ਦੀ ਸਾਖੀ, ਜ: ਸਾਖੀ ਭਾ: ਬਾਲਾ

ਭਾ: ਬਾਲੇ ਦੀ ਜਨਮ ਸਾਖੀ ਵਿਚ ਪੰਨਾ ੧੨੪ ਤੋਂ ੨੩੦ ਤਕ ਮਕੇ ਤੇ ਮਦੀਨੇ ਦੀਆਂ ਸਾਖੀਆਂ ਵਿਚ ਪੂਰੇ ੧੦੬ ਸਫ਼ੇ ਮਾਸ ਵਿਰੁਧ, ਸਤਿਗੁਰੂ ਜੀ ਦੀ ਕਾਜ਼ੀ ਰੁਕਨ ਦੀਨ ਨਾਲ ਹੋਈ ਗੋਸ਼ਟ ਨਾਲ ਭਰੇ ਹੋਏ ਹਨ। ਇਹਨਾਂ ੧੦੬ ਪੰਨਿਆਂ ਵਿਚ ਸਤਿਗੁਰੂ ਜੀ ਨੇ ਮਾਸ ਤੇ ਸ਼ਰਾਬ ਦਾ ਖੰਡਨ ਕੀਤਾ ਹੈ ਤੇ ਮਨੁਖ ਲਈ ਇਹ ਵਸਤੂਆਂ ਸਖ਼ਤ ਵਰਜਤ ਦਸੀਆਂ ਹਨ।

## (੭) ਮਲਕ ਭਾਗੋ ਦੀ ਸਾਖੀ

ਮਲਕ ਭਾਗੋ ਦੀਆਂ ਪੂੜੀਆਂ ਕਚੋਰੀਆਂ ਚੋਂ ਲਹੂ ਅਤੇ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਚੋਂ ਦੁਧ ਕਢ ਵਿਖਾਣ ਦੀ ਸਾਖੀ ਵੀ ਸਤਿਗੁਰੂ ਜੀ ਦੇ ਜੀਵਨ ਦੀ ਇਕ ਅਤੀ ਪ੍ਰਸਿਧ ਵਾਰਤਾ ਹੈ; ਜਿਸ ਸੰਬੰਧੀ ਭਾ: ਸਾਹਿਬ ਡਾ: ਵੀਰ ਸਿੰਘ ਜੀ ਲਿਖਦੇ ਹਨ :—

> ਜਦੋਂ ਸਤਿਗੁਰੂ ਜੀ ਨੂੰ ਆਪ ਐਸਾ ਸਮਾ ਆਇਆ ਕਿ ਐਸੇ ਖਤ੍ਰੀ ਮਲਕ ਭਾਗੋ ਦੇ ਘਰ ਬ੍ਰਹਮ ਭੋਜ ਤੇ ਜਾਣਾ ਪਿਆ ਤਾਂ ਨਾਹ ਗਏ ਅਤੇ ਉਹ ਜ਼ੋਰ ਜ਼ੁਲਮ ਦਾ ਤਾਮਸੀ ਅਹਾਰ ਨਾਹ ਖਾਧਾ। ਜ਼ੁਲਮ, ਪਾਪ ਤੇ ਅਨਿਆਏ ਨੂੰ ਬੁਰਾ ਦਸਿਆ।
>
> [ਸੰਥਯਾ ਪੋਥੀ ਨੰਬਰ ੬, ਪੰਨਾ ੨੯੦੯)

ਭਾ: ਸਾਹਿਬ ਡਾ: ਵੀਰ ਸਿੰਘ ਜੀ ਦੇ ਵਿਚਾਰ ਅਨੁਸਾਰ ਬਾਬਾ ਨਾਨਕ ਜੀ ਮਲਕ ਭਾਗੋ ਦੇ ਭੋਜ ਵਿਚ ਇਸ ਲਈ ਨਾ ਗਏ ਕਿ ਉਸ ਦਾ ਭੋਜ ਜ਼ੋਰ, ਜ਼ੁਲਮ ਨਾਲ ਇਕੱਠੇ ਕੀਤੇ ਤਾਮਸੀ ਪਦਾਰਥਾਂ ਦਾ ਸੀ। ਭਾਵ ਇਹ ਕਿ ਤਾਮਸੀ ਭੋਜਨ ਦੀ ਬਾਬੇ ਨੇ ਨਿਖੇਧੀ ਕੀਤੀ। ਮਾਸ ਵਾਲਾ ਭੋਜਨ ਵੀ ਜ਼ੋਰ ਜ਼ੁਲਮ ਵਾਲਾ ਭੋਜਨ ਹੀ ਹੁੰਦਾ ਹੈ, ਇਹ ਵੀ ਤਾਮਸੀ ਭੋਜਨ ਹੈ। ਬਾਬੇ ਦੇ ਵਿਚਾਰ ਅਨੁਸਾਰ ਕੋਈ ਵੀ ਜ਼ੋਰ ਜ਼ੁਲਮ ਵਾਲਾ ਤਾਮਸੀ ਅਹਾਰ ਖਾਣਾ ਯੋਗ ਭੋਜਨ ਨਹੀਂ। ਸਿਖ ਦੇ ਖਾਣ ਯੋਗ ਤਾਂ ਕੇਵਲ ਸਾਤਵਿਕ ਭੋਜਨ ਹੈ, ਜਿਸ ਵਿਚ ਜ਼ੋਰ ਜ਼ੁਲਮ ਨਾ ਹੋਵੇ, ਜਿਹੜਾ ਤਾਮਸਿਕ ਨਾਹ ਹੋਵੇ। ਮਾਸੁ, ਮਛੀ ਸ਼ਰਾਬ ਆਦ ਤਾਮਸਿਕ ਵਸਤੂਆਂ ਹਨ। ਭੋਜਨ ਵਿਚ ਇਹਨਾਂ ਦੇ ਹੋਣ ਨਾਲ ਭੋਜਨ ਤਾਮਸਿਕ ਹੁੰਦਾ ਹੈ।

## (੮) ਕੁਰਖੇਤਰ ਦੀ ਸਾਖੀ

ਜਗਤ ਤਾਰਕ ਸਤਿਗੁਰੂ ਸੰਸਾਰ ਦੇ ਜੀਵਾਂ ਨੂੰ ਤਾਰਦੇ ਤਾਰਦੇ ਕੁਰਖੇਤਰ ਆ ਪੁਜੇ। "ਸੂਰਜ ਪ੍ਰਕਾਸ਼" ਲਿਖਦਾ ਹੈ ਕਿ ਸੂਰਜ ਗ੍ਰਹਿਣ ਸਮੇਂ ਸਤਿਗੁਰੂ ਇਥੇ ਪੁਜੇ ਅਤੇ ਆਪਣੇ ਅਨੋਖੇ ਅਤੇ ਵਚਿਤ੍ਰ ਪ੍ਰਚਾਰ ਢੰਗ ਅਨੁਸਾਰ ਵਿਚਾਰਲੀਨ ਸਨ ਕਿ ਇਥੇ ਗ੍ਰਹਿਣ ਦਾ ਇਸ਼ਨਾਨ ਕਰਨ ਆਏ ਲੋਕਾਂ ਨੂੰ ਆਪਣੀ ਵਲ ਕਿਵੇਂ ਆਕ੍ਰਸ਼ਤ ਕੀਤਾ ਜਾਏ ਕਿ ਇਤਨੇ ਨੂੰ :—

ਤਿਹ ਛਿਨ ਇਕ ਰਾਣੀ ਸੁਤ ਲੀਨੇ।
ਆਈ ਨਿਕਟ ਬੰਦਨਾ ਕੀਨੇ।
ਤਿਹ ਤੇ ਛਤ੍ਰ ਪ੍ਰਬਲ ਸਹੁ ਬਾਢੇ।
ਦੇਸ ਖੋਸ ਸੇ ਪੁਰ ਤੇ ਕਾਢੇ।
ਭਈ ਦੀਨ, ਪਿਖ ਸੰਤ ਕ੍ਰਿਪਾਲਾ।
ਆਨ ਬੇਨਤੀ ਕੀਨ ਬਸਾਲਾ।
ਤਿਹ ਭੂਪਤ ਸੁਤ ਮ੍ਰਿਗ ਕੋ ਮਾਰੀ।
ਧਰੀ ਭੇਟ ਤਿਨ ਗੁਰੂ ਅਗਾਰੀ।
... ... ... ...
ਕ੍ਰਿਪਾ ਕਰਹੁ ਅਬ ਭਾਖਹੁ ਐਸੇ।
ਰਾਜ ਹਮੈ ਪ੍ਰਾਪਤ ਹੋ ਜੈਸੇ।
ਸੁਨ ਤਿਹ ਸੋ ਕਹਿ ਗੁਰ ਕ੍ਰਿਪਾਲਾ।
ਬ੍ਰਹਮ ਭੋਜ ਤੁਮ ਕਰੋ ਬਿਸਾਲਾ।
... ... ... ...
ਭੋਜਨ ਹਿਤ ਮਮ ਪਾਸ ਨ ਦਰਬਾ।
ਕਰਤ ਜੁਧ ਤਹਿ ਖਰਚਿਓ ਸਰਬਾ।
ਅਬ ਹੋਏ ਹਮ ਰੰਕ ਸਮਾਨਾ।
ਆਏ ਸਰਨੀ ਸੰਤ ਸਮਾਨਾ।
ਸ੍ਰੀ ਗੁਰੂ ਕਹੈ ਕਰੈ ਅਸ ਰੀਤੀ।
ਕੋਰੇ ਮਟਕਾ ਆਨੁ ਸੁ ਪ੍ਰੀਤੀ।
ਇਸ ਮ੍ਰਿਗ ਕੋ ਸਭ ਮਾਸੁ ਸਵਾਰਹੁ।
ਭਲੀ ਪ੍ਰਕਾਰ ਤਾਹਿ ਮਹਿ ਡਾਰਹੁ।
[ਸੂਰਜ ਪ੍ਰਕਾਸ਼



www.AKJ.Org

ਇਕ ਰਾਣੀ ਅਤੇ ਰਾਜ ਕੁਮਾਰ ਇਕ ਹਿਰਨ ਮਾਰ ਕੇ ਲੈ ਆਏ ਤੇ ਆਪਣੇ ਦੇਸ ਚੋਂ ਕਢੇ ਜਾਣ ਅਤੇ ਦੇਸ ਦੇ ਖੁਸ ਜਾਣ ਦੀ ਵਾਰਤਾ ਸਤਿਗੁਰੂ ਜੀ ਨੂੰ ਦਸ ਕੇ ਬੇਨਤੀ ਕੀਤੀ ਕਿ ਸਾਡੇ ਉਤੇ ਕਿਰਪਾ ਕਰੋ ਕਿ ਸਾਨੂੰ ਸਾਡਾ ਖੁਸਿਆ ਦੇਸ ਵਾਪਸ ਮਿਲ ਜਾਏ । ਸਤਿਗੁਰੂ ਜੀ ਨੇ ਕਿਹਾ, "ਬ੍ਰਹਮ ਭੋਜ ਕਰੋ, ਵਾਹਿਗੁਰੂ ਭਲੀ ਕਰੇਗਾ"। ਅਗੋਂ ਰਾਜ ਕੁਮਾਰ ਨੇ ਕਿਹਾ ਕਿ ਭੋਜ ਲਈ ਤਾਂ ਸਾਡੇ ਕੋਲ ਮਾਇਆ ਨਹੀਂ ਹੈ, ਜੋ ਕੁਝ ਸੀ ਉਹ ਤਾਂ ਮੇਰਾ ਲੁਟਿਆ ਗਿਆ ਹੈ ਤੇ ਖੁਸ ਗਿਆ ਹੈ ।

ਸਤਿਗੁਰੂ ਜੀ ਨੇ ਕਿਹਾ, ਇਕ ਕੋਰੀ ਕੁਨੀ ਲੈ ਕੇ ਇਹ ਜੋ ਹਿਰਨ ਤੁਸੀਂ ਮਾਰ ਕੇ ਲਿਆਏ ਹੋ, ਇਸ ਨੂੰ ਹੀ ਰਿੰਨ੍ਹਣਾ ਧਰ ਦਿਓ । ਸਰੇ ਮੈਦਾਨ ਹਿਰਨ ਰਿੰਨ੍ਹਣਾ ਧਰ ਦਿਤਾ ਗਿਆ । ਉਸ ਦੀ ਗੰਧ ਹਰ ਪਾਸੇ ਫੈਲ ਗਈ । ਜਿਸ ਨਾਲ ਪੰਡਤਾਂ, ਸਨਯਾਸੀਆਂ ਦੀ ਇਕ ਤਕੜੀ ਭੀੜ ਸਤਿਗੁਰੂ ਜੀ ਦੁਆਲੇ ਇਕੱਠੀ ਹੋ ਗਈ । ਤੇ ਲਗੇ ਲੋਕੀਂ ਭਾਂਤ ਭਾਂਤ ਦੀ ਬੋਲੀਆਂ ਬੋਲਣ ਤਾਂ ਸਤਿਗੁਰੂ ਜੀ ਨੇ ਬਚਨ ਕੀਤੇ :—

ਸੁਨ ਤਿਨ ਤੈ ਸ੍ਰੀ ਸਤਿਗੁਰੂ ਬਚਨ ਕਰੇ ਅਸ ਰੀਤ ।
ਛੁਧਾ ਲਗੀ ਮੋਕੋ ਬਡੀ, ਹਿਤ ਅਹਾਰ ਕਿਛ ਕੀਤ ।
[ਸੂਰਜ ਪ੍ਰਕਾਸ਼

ਇਹ ਸੁਣ ਸਨਯਾਸੀ ਹੋਰ ਖਹਿੜੇ ਪੈ ਗਏ, ਤੇ ਜਦੋਂ ਉਹਨਾਂ ਅਤ ਹੀ ਕਰ ਦਿਤੀ ਤਾਂ ਸਤਿਗੁਰੂ ਜੀ ਨੇ ਮਰਦਾਨੇ ਨੂੰ ਹੁਕਮ ਕੀਤਾ, "ਛੇੜ ਮਰਦਾਨਿਆ ਰਾਗੁ ਮਲਾਰ" । ਮਰਦਾਨੇ ਨੇ ਰਬਾਬ ਨੂੰ ਟਣਕਾਰਿਆ । ਉਸ ਦੀਆਂ ਜਾਦੂ ਉਂਗਲਾਂ ਰਬਾਬ ਦੀਆਂ ਤਾਰਾਂ ਉਤੇ ਨਚਣ ਲਗੀਆਂ । ਇਕ ਸਮਾਂ ਬਝ ਗਿਆ । ਸਤਿਗੁਰੂ ਜੀ ਦੇ ਮੁਖੋਂ ਨਿਕਲਿਆ :—

ਪਹਿਲਾਂ ਮਾਸਹੁ ਨਿੰਮਿਆ, ਮਾਸੈ ਅੰਦਰਿ ਵਾਸੁ ॥...

ਜਿਉਂ ਜਿਉਂ ਬਾਬੇ ਦੇ ਮੁਖੋਂ ਸ਼ਬਦ-ਬਾਣ ਚਲਦੇ ਗਏ ਤਿਉਂ ਤਿਉਂ ਸਰੋਤੇ ਮੁਗਧ ਹੁੰਦੇ ਗਏ । ਸਤਿਗੁਰੂ ਜੀ ਨੇ ਸ਼ਬਦ ਦੀਆਂ ਅੰਤਮ ਤੁਕਾਂ ਉਚਾਰਨ ਕੀਤੀਆਂ :—

ਸਤਿਗੁਰਿ ਮਿਲਿਐ ਹੁਕਮੁ ਬੁਝੀਐ, ਤਾ ਕੋ ਆਵੈ ਰਾਸਿ ॥
ਆਪਿ ਛੁਟੇ ਨਹਿ ਛੂਟੀਐ. ਨਾਨਕ ਬਚਨਿ ਬਿਣਾਸੁ ॥
[ਸਲੋਕ ਮਹਲਾ ੧—੧੨੮੯

ਸ਼ਬਦ ਦੇ ਮੁਕਦੇ ਹੀ ਬਾਬੇ ਨੇ ਦੂਜਾ ਸ਼ਬਦ ਅਰੰਭ ਦਿਤਾ:—

ਮਾਸੁ ਮਾਸੁ ਕਰਿ ਮੂਰਖੁ ਝਗੜੇ,
ਗਿਆਨੁ ਧਿਆਨੁ ਨਹੀ ਜਾਣੈ ।
ਕਉਣੁ ਮਾਸੁ ਕਉਣੁ ਸਾਗੁ ਕਹਾਵੈ,
ਕਿਸੁ ਮਹਿ ਪਾਪ ਸਮਾਣੇ ।......

ਸਾਰੇ ਸਰੋਤਿਆਂ ਉਤੇ ਜਿਵੇਂ ਜਾਦੂ ਹੁੰਦਾ ਜਾ ਰਿਹਾ ਸੀ । ਸਾਰੇ ਹੀ ਕੀਲੇ ਹੋਏ ਬਾਬੇ ਦੇ ਬਚਨ ਸੁਣ ਰਹੇ ਸਨ, ਬਾਬੇ ਨੇ ਸਾਰਾ ਸ਼ਬਦ ਉਚਾਰਨ ਕੀਤਾ ਅਤੇ ਅੰਤ ਵਿਚ ਸਿਟਾ ਕਢਿਆ :—

ਏਤੇ ਰਸ ਛੋਡਿ ਹੋਵੈ ਸੰਨਿਆਸੀ, ਨਾਨਕੁ ਕਹੈ ਵਿਚਾਰਾ ।

ਹਰ ਪਾਸੇ ਚੁਪ ਚਾਂ ਵਰਤੀ ਹੋਈ ਸੀ । ਇਕ-ਵਾਰਗੀ ਹੀ ਰਬਾਬ ਦੀ ਟੁਣਕਾਰ ਬੰਦ ਹੋ ਗਈ । ਸਰੋਤੇ ਇਕ ਇਕ ਦੋ ਦੋ ਕਰਕੇ ਕਿਸੇ ਜਾਦੂ ਮੂਰਛਤਾ ਤੋਂ ਵਾਪਸ ਮੁੜਨ ਲਗੇ । ਕਿਸੇ ਨੂੰ ਕੋਈ ਗੱਲ ਨਹੀਂ ਸੀ ਅਹੁੜ ਰਹੀ ਕਿ ਹੁਣ ਕੀ ਬੋਲੇ ਤੇ ਕੀ ਆਖੇ । ਆਖਰ ਨਾਨੂੰ ਪੰਡਤ ਨੇ ਜੁਰਅਤ ਕੀਤੀ, ਆਖਣ ਲਗਾ, ਸੰਤ ਜੀ ! ਜੇ "ਏਤੇ ਰਸੁ ਛੋਡਿ ਹੋਵੈ ਸੰਨਿਆਸੀ" ਹੀ ਤੁਹਾਡੇ ਵਿਚਾਰ ਹਨ ਤਾਂ ਫਿਰ ਇਹ ਸਰੇ ਮੈਦਾਨ ਮਾਸੁ ਦਾ ਕੁੰਨਾ ਕਿਉਂ ਰਿਝ ਰਿਹਾ ਹੈ ? ਇਹ ਮਾਸੁ ਖਾਣ ਦਾ ਰਸੁ ਤੁਹਾਡੇ ਕੋਲੋਂ ਕਿਉਂ ਨਹੀਂ ਛਡਿਆ ਜਾ ਸਕਿਆ ? ਇਹ ਗੱਲ:—

ਸੁਨ ਕਰ ਬੋਲੇ ਗਹਿਰ ਗੰਭੀਰਾ ।
ਹਮ ਤੇ ਧਰਯੋ ਦੇਗ ਮਹਿ ਖੀਰਾ ।
ਬਹੁਤ ਧੇਨ ਚੁਆਇ ਮੰਗਵਾਈ ।
ਰੀਧਹਿ ਪਾਇਸ ਕੋ ਇਹ ਥਾਈ ।
ਬਿਮਲ ਭਯੋ ਰਵਿ ਲਯੋ ਜੋ ਗ੍ਰਾਹੀ ।
ਅਬ ਸਭ ਭੋਜਨ ਕਰੋ ਇਯਾ ਹੀ ।
ਢਿਗ ਬਿਸਾਏ ਪੰਕਤ ਕਰਵਾਈ ।
ਨ੍ਰਿਪ-ਸੁਤ ਸਹਿ ਪਾਇਸ ਵਰਤਾਈ ।
ਪਾਇਸ ਦੇਖਿ ਰਿਦੈ ਬਿਸਮਾਏਂ ।
ਦ੍ਵਿਜ ਸਨਯਾਸੀ ਸਭ ਤ੍ਰਿਪਤਾਏ ।
ਦਯੋ ਅਨੇਕਨ ਧਰੇ ਅਹਾਰੇ ।
ਭਾ ਅਤੋਟ ਅਚਰਜ ਉਧਾਰੇ ।
[ਸੂਰਜ ਪ੍ਰਕਾਸ਼

ਸਤਿਗੁਰੂ ਜੀ ਨੇ ਆਖਿਆ, ਭਾਈ ਇਹ ਮਾਸ



www.AKJ.Org

ਨਹੀਂ ਹੈ ਇਹ ਤਾਂ ਮੈਂ ਖੀਰ (ਪਾਇਸ) ਰਿੰਨ੍ਹਣੀ ਧਰੀ ਹੈ। ਹੁਣ ਗ੍ਰਹਿਣ ਵੀ ਮੁਕ ਗਿਆ ਹੈ। ਸੰਧਯਾ ਹੋ ਗਈ ਹੈ। ਤੁਸੀਂ ਵੀ ਸਾਰੇ ਅਜ ਇਥੇ ਹੀ ਭੋਜਨ ਕਰੋ। ਇਹ ਆਖ ਸਤਿਗੁਰੂ ਜੀ ਨੇ ਕੁੰਨੇ ਦਾ ਢਕਣ ਚੁਕਵਾਇਆ ਤੇ ਰਾਜ ਕੁਮਾਰ ਨੂੰ ਵੰਡਣ ਲਈ ਹੁਕਮ ਕੀਤਾ। ਸਭ ਸੰਨਯਾਸੀਆਂ ਨੂੰ ਪੰਗਤਾਂ ਲਾਣ ਲਈ ਆਖਿਆ। ਪੰਗਤਾਂ ਲਗ ਗਈਆਂ। ਸਭ ਨੇ ਹੀ ਖੀਰ ਛਕੀ ਤੇ ਤ੍ਰਿਪਤ ਹੋਏ।

ਗੁਰ ਬਿਲਾਸ ਪਾਤਿਸ਼ਾਹੀ ਛੇਵੀਂ ਦਾ ਲਿਖਾਰੀ ਲਿਖਦਾ ਹੈ:—

ਸਤਿਗੁਰੂ ਜੀ ਨੇ ਬਾਲੇ ਨੂੰ ਭੇਜ ਕੇ ਮਛੀ ਮੰਗਵਾਈ ਤੇ ਰਿੰਨ੍ਹਣੀ ਧਰੀ। ਪਤਾ ਲਗਣ ਤੇ ਨਾਨੂੰ ਪੰਡਤ ਸਨਯਾਸੀਆਂ ਸਮੇਤ ਆ ਕੇ ਝਗੜਨ ਲਗਾ। ਸਤਿਗੁਰੂ ਜੀ ਨੇ ਸ਼ਬਦ ਨਾਲ ਸ਼ਾਂਤ ਕੀਤਾ ਤੇ ਕੁੰਨੀ ਭੰਨ ਸੁਟੀ। ਜਾਂ ਕੁੰਨੀ ਭਜੀ ਤਾਂ ਵਿਚੋਂ ਕੁਝ ਵੀ ਨਾ ਨਿਕਲਿਆ। ਸਾਰੇ ਸ਼ਰਮਿੰਦੇ ਹੋਏ।

ਤਾਰੀਖ ਗੁਰੂ ਖਾਲਸਾ ਵਾਲਾ ਪਟਨੇ ਦੇ ਰਾਜ ਕੁਮਾਰ ਦੀ ਥਾਂ ਹਾਂਸੀ ਵਾਲੇ ਅੰਮ੍ਰਿਤ ਰਾਏ ਦੇ ਪੁਤਰ ਜਗਤ ਰਾਏ ਦਾ ਗੁਰੂ ਜੀ ਕੋਲ ਆਉਣਾ ਲਿਖਦਾ ਹੈ। ਬਾਕੀ ਸਾਰੀ ਸਾਖੀ ਸੂਰਜ ਪ੍ਰਕਾਸ਼ ਵਾਲੀ ਹੀ ਹੈ।

[ਤਾਰੀਖ ਗੁਰੂ ਖਾਲਸਾ, ਪੰਨਾ ੭੫

ਸ੍ਰੀ ਗੁਰੂ ਨਾਨਕ ਪ੍ਰਬੋਧ ਵਿਚ ਬਕਰਾ ਮਾਰ ਕੇ ਰਿੰਨ੍ਹਣਾ ਲਿਖਿਆ ਹੈ। ਬਾਕੀ ਸਾਰੀ ਸਾਖੀ ਸੂਰਜ ਪ੍ਰਕਾਸ਼ ਅਨੁਸਾਰ ਹੀ ਹੈ।

ਜਨਮ ਸਾਖੀ ਭਾਈ ਬਾਲਾ ਵਿਚ ਵੀ ਸੂਰਜ-ਪ੍ਰਕਾਸ਼ ਵਾਲੀ ਹੀ ਕਥਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਫਰੀਦਕੋਟ ਵਾਲੇ ਟੀਕੇ ਦੇ ਪੰਨਾ ੨੬੨੨ ਉਤੇ ਇਸ ਸਾਖੀ ਨੂੰ ਇਸ ਪ੍ਰਕਾਰ ਅੰਕਿਤ ਕੀਤਾਂ ਹੋਇਆ ਹੈ :—

ਇਕ ਨਾਨੂੰ ਨਾਮ ਕਾ ਪੰਡਤ, ਭਵਿਖਤ ਪੁਰਾਣ ਮੇਂ ਨਾਨਕ ਰੂਪ ਅਵਤਾਰ ਸੁਣ ਕੇ ਆਪ ਕੋ ਨਾਨਕ ਅਵਤਾਰ ਮਾਨਤਾ ਥਾ। ਸ੍ਰੀ ਗੁਰੂ ਜੀ ਸੂਰਯ ਗ੍ਰਹਿਣ ਪਰ ਕੁਰਖੇਤ ਮੇਂ ਗਏ ਅਰ ਵਹੁ ਭੀ ਬਹੁਤ ਸੇ ਪੰਡਤੋਂ ਕੇ ਸਾਥ ਆਇਆ। ਤਬ ਸ੍ਰੀ ਗੁਰੂ ਜੀ ਨੇ ਗ੍ਰਹਿਣ ਸਮੇਂ ਤਿਨ ਕੇ ਦੇਖਤੇ ਮ੍ਰਿਗ ਕਾ ਮਾਸ ਰਿੰਨ੍ਹਣਾ ਰਖਾਇ ਦੀਆ। ਵਹੁ ਬ੍ਰਾਹਮਣ ਬਹੁਤ ਬੁਰਾ ਮਾਨ ਕਰ ਸ੍ਰੀ ਗੁਰੂ ਜੀ ਸੇ ਚਰਚਾ ਕਰਨ ਲਗੇ। ਤਿਨ ਪਰ ਹੀ ਮਾਸ ਰੂਪ ਪਰ ਪੰਚ ਕੋ ਸਿਧ ਕਰਤੇ ਹੁਏ ਅੰਤ ਕੋ ਉਸ ਮਾਸ ਕੀ ਸਭ ਕੋ ਤਸਮਈ ਦਿਖਾਇ ਦਈ।

---

# ਫ਼ਿਲਮੀ ਪਰਚਾਰ ਵਿਰੁੱਧ ਇਕ ਮਤਾ

ਗੁਰਦਵਾਰਾ ਸਤਿਸੰਗ ਸਦਰ ਬਜ਼ਾਰ ਮੇਰਠ ਛਾ: ਦਾ ਅਜ ੧੧-੮-੭੪ ਦਾ ਭਾਰੀ ਸਜਿਆ ਦੀਵਾਨ ਹਿੰਦ ਸਰਕਾਰ ਤੇ ਸ੍ਰੋ: ਗੁ: ਪ੍ਰ: ਕਮੇਟੀ ਅੰਮ੍ਰਿਤਸਰ ਪਾਸੋਂ ਜ਼ੋਰਦਾਰ ਅਖਰਾਂ ਵਿਚ ਮੰਗ ਕਰਦਾ ਹੈ ਕਿ ਸਿਖ ਧਰਮ ਤੇ ਸਿਖ ਇਤਿਹਾਸ ਸਬੰਧੀ ਫ਼ਿਲਮਾਂ ਬਨਾਉਣੀਆਂ ਕਾਨੂੰਨਨ ਬੰਦ ਕਰਾਈਆਂ ਜਾਣ।

ਸਿਖ ਧਰਮ ਵਿਚ ਕਿਸੇ ਗੁਰਸਿਖ ਦਾ ਸਵਾਂਗ ਉਤਾਰਨਾ ਬਿਵਰਜਤ ਹੈ। ਰਾਸਾਂ (ਡਰਾਮੇ) ਖੇਲਣੇ ਮਨਾ ਹਨ। ਕਿਸੇ ਸ਼ਰਾਬੀ ਆਚਰਨਹੀਨ ਨੂੰ ਸਿਖੀ ਦਾ ਬਾਣਾ ਪਵਾਉਣਾ ਸਿਖੀ ਨਾਲ ਮਜ਼ਾਕ ਕਰਨਾ ਹੈ। ਫਿਲਮਾਂ ਰਾਹੀਂ ਸਿਖ ਧਰਮ ਦਾ ਪ੍ਰਚਾਰ ਕਰਾਣ ਵਾਲੇ ਆਪ ਨੂੰ ਭੀ ਧੋਖਾ ਦੇ ਰਹੇ ਹਨ ਤੇ ਸਿਖ ਕੌਮ ਨੂੰ ਭੀ।

ਫਿਲਮਾਂ ਬਨਾਣ ਵਾਲਿਆਂ ਦਾ ਮੰਤਵ ਕੇਵਲ ਮਾਇਆ ਕਮਾਉਣੀ ਹੈ, ਨ ਕਿ ਪ੍ਰਚਾਰ। ਤੇ ਜਿਥੋਂ ਤਕ ਫ਼ਿਲਮਾਂ ਵਿਚ ਨਾਚ, ਗਾਣੇ ਤੇ ਨੰਗੇ ਸੀਨ ਨ ਹੋਣ, ਉਹ ਕਾਮਯਾਬ ਨਹੀਂ ਹੋ ਸਕਦੀ। ਸ਼੍ਰ: ਗੁ: ਪ੍ਰ: ਕਮੇਟੀ ਨੇ ਫ਼ਿਲਮ 'ਨਾਨਕ ਨਾਮ ਜਹਾਜ਼' ਦੀ ਇਜਾਜ਼ਤ ਦੇ ਕੇ ਘੋਰ ਪਾਪ ਕੀਤਾ ਹੈ ਜਿਸ ਦਾ ਭੈੜਾ ਨਤੀਜਾ ਅਜ ਫ਼ਿਲਮ 'ਸਤਿਗੁਰ ਨਾਨਕ ਬਖ਼ਸ਼ਨਹਾਰ' ਵਿਚ ਦੇਖ ਰਹੇ ਹਾਂ।

ਇਸ ਭਿਅੰਕਰ ਬੀਮਾਰੀ ਨੂੰ ਜੇਕਰ ਹੁਣੇ ਹੀ ਨ ਰੋਕਿਆ ਗਿਆ ਤਾਂ ਉਹ ਦਿਨ ਦੂਰ ਨਹੀਂ ਜਦੋਂ ਹਿੰਦੂ ਅਵਤਾਰਾਂ ਵਾਂਗੂ ਗੁਰੂ ਸਾਹਿਬਾਨ ਦੇ ਭੀ ਸਵਾਂਗ ਉਤਾਰੇ ਜਾਣਗੇ ਤੇ ਆਉਣ ਵਾਲੀ ਸਿਖ ਪਨੀਰੀ, ਜੋ ਅਗੇ ਹੀ ਨਾਸਤਿਕ ਤੇ ਪਤਿਤ ਹੈ, ਇਸ ਨੂੰ ਭੀ ਬ੍ਰਦਾਸ਼ਤ ਕਰ ਲਵੇਗੀ।

ਸਕੱਤਰ, ਗੁਰਦਵਾਰਾ ਸਤਸੰਗ, ਮੇਰਠ ਛਾਉਣੀ



www.AKJ.Org

# ਰੈਲਫ਼ ਸਿੰਘ [ਇਕ ਅਮਰੀਕਨ ਸਿਖ]

ਕੋਈ ਤਿੰਨ ਸਾਲ ਪਹਿਲਾਂ ਉਹ ਨਿਊਯਾਰਕ ਤੋਂ ਤੁਰਿਆ ਸੀ। ਇਕ ਦਿਨ ਫ਼ਰਵਰੀ ਦੀ ਕੋਸੀ ਕੋਸੀ ਧੁਪ ਵਿਚ ਉਹ ਪਾਕਿਸਤਾਨ ਵਿਚੋਂ ਪੰਜਾਬ 'ਚ ਦਾਖਲ ਹੋਇਆ। ਉਸ ਦੀ ਮੰਜ਼ਲ ਤਿਬਤ ਸੀ, ਪਰ ਉਹ ਪੰਜਾਬ ਦਾ ਹੀ ਹੋ ਕੇ ਰਹਿ ਗਿਆ।

ਉਦੋਂ ਸ਼ਾਇਦ ਉਸ ਦਾ ਨਾਂ ਮਿਸਟਰ ਰੈਲਫ਼ ਹੋਵੇਗਾ, ਅਜ ਉਹ ਸਰਦਾਰ ਰੈਲਫ਼ ਸਿੰਘ ਹੈ। ਉਸ ਦਾ ਭਰਵਾਂ ਖੁਲ੍ਹਾ ਦਾਹੜਾ ਹੈ। ਸਿਰ ਤੇ ਨੀਲੀ ਦਸਤਾਰ ਹੈ। ਹੱਥ ਵਿਚ ਕੜਾ ਹੈ ਤੇ ਗਲ ਵਿਚ ਕਿਰਪਾਨ ਸਜੀ ਹੋਈ ਹੈ। ਉਹ ਠੇਠ ਪੰਜਾਬੀ ਬੋਲਦਾ ਹੈ, ਗੁਰਬਾਣੀ ਦਾ ਜਾਪ ਕਰਦਾ ਹੈ ਤੇ ਪਿੰਡ ਪਿੰਡ ਫਿਰ ਕੇ ਸਿਖੀ ਦਾ ਪਰਚਾਰ ਕਰਦਾ ਹੈ।

ਉਹ ਆਖਦਾ ਹੈ—'ਇਹ ਸਭ ਕੁਝ ਆਪਣੇ ਆਪ ਹੀ ਹੋ ਗਿਆ। ਮੈਨੂੰ ਕਦੀ ਸੋਚਣਾ ਨਹੀਂ ਪਿਆ। ਕਦੀ ਕੋਈ ਫ਼ੈਸਲਾ ਲੈਣ ਦਾ ਉਚੇਚ ਨਹੀਂ ਕਰਨਾ ਪਿਆ। ਗੁਰੂ ਦੀ ਮਿਹਰ ਆਪਣੇ ਆਪ ਹੀ ਮੇਰੇ ਤੇ ਹੋ ਗਈ......'

ਕੈਂਸਰ ਦੇ ਇਲਾਜ ਦੀ ਖੋਜ 'ਚ ਲਗੇ ਵਿਗਿਆਨੀ ਦਾ ਇਕਲੋਤਾ ਪੁਤਰ ਰੈਲਫ਼ ਗਰੈਜੂਏਸ਼ਨ ਕਰਨ ਬਾਦ ਪੂਰਬੀ ਏਸ਼ਿਆਈਆਂ ਬਾਰ ਖੋਜ ਕਰਨ ਦੇ ਇਰਾਦੇ ਨਾਲ ਘਰੋਂ ਚਲਿਆ ਸੀ। ਇਕ ਰਾਤ ਅੰਮ੍ਰਿਤਸਰ ਠਹਿਰਿਆ ਤੇ ਦਰਬਾਰ ਸਾਹਿਬ ਦੇਖਣ ਚਲਾ ਗਿਆ।

ਜਦ ਦਰਬਾਰ ਸਾਹਿਬ ਪੁਜਾ, ਉਸ ਨੂੰ ਆਪਣੇ ਆਪ 'ਚ ਕੋਈ ਫ਼ਰਕ ਮਹਿਸੂਸ ਹੋਇਆ—ਪਲ ਦੀ ਪਲ ਮਨ ਦੀ ਸਾਰੀ ਭਟਕਣਾ ਮੁਕ ਗਈ, ਇਕ ਅਲੋਕਿਕ ਕਿਸਮ ਦਾ ਟਿਕਾਅ ਚੁਫੇਰੇ ਪਸਰਿਆ ਨਜ਼ਰ ਆਇਆ। ਅਰਸ਼ੋਂ ਕੋਈ ਸ਼ਾਂਤੀ ਉਤਰ ਕੇ ਧਰਤੀ ਤੇ ਵਸੀ ਜਾਪੀ। ਰੈਲਫ਼ ਨੂੰ ਲਗਾ, ਜਿਵੇਂ ਉਹ ਵਿਦੇਸ਼ ਵਿਚ ਵੀ ਆਪਣੀ ਮਾਂ ਦੀ ਗੋਦ 'ਚ ਆ ਬੈਠਾ ਹੋਵੇ।

ਗੁਰਬਾਣੀ ਦਾ ਪਾਠ ਹੋ ਰਿਹਾ ਸੀ। ਉਸ ਨੂੰ ਸਮਝ ਕੁਝ ਨਹੀਂ ਸੀ ਆ ਰਿਹਾ। ਫਿਰ ਵੀ ਉਸ ਨੂੰ ਲਗਾ--ਉਸ ਦੇ ਦਿਲ ਤੇ ਕੋਈ ਮਧੁਰ ਅਸਰ ਹੋ ਰਿਹਾ ਹੈ। ਪਰਕਰਮਾ ਕਰਦੇ ਹਰ ਸਿਖ-ਚਿਹਰੇ 'ਚੋਂ ਉਸ ਨੂੰ ਕੋਈ ਨੂਰ ਝਲਕਦਾ ਨਜ਼ਰ ਆਇਆ। ਹਰ ਅੱਖ 'ਚੋਂ ਨਿਰਛਲ ਪ੍ਰੇਮ ਦੀ ਭਾਵਨਾ ਉਸ ਨੂੰ ਕੀਲਦੀ ਗਈ। ਆਪਣੇ ਆਪ ਵਿਚ ਉਹ ਇਕ ਤਬਦੀਲੀ ਜਿਹੀ ਮਹਿਸੂਸ ਕਰਦਾ ਉਹ ਦਰਬਾਰ ਸਾਹਿਬ ਤੋਂ ਪਰਤ ਆਇਆ।

ਅਗਲੇ ਦਿਨ ਉਹ ਦਿੱਲੀ ਚਲਾ ਗਿਆ। ਪਰ ਦਰਬਾਰ ਸਾਹਿਬ ਵਾਲੀ ਘਟਨਾ ਉਸ ਦੇ ਦਿਮਾਗ਼ 'ਚ ਵਾਰ ਵਾਰ ਚੱਕਰ ਕਟਦੀ ਰਹੀ। ਉਸ ਨੂੰ ਆਪਣਾ ਆਪ ਅਧੂਰਾ ਅਧੂਰਾ ਮਹਿਸੂਸ ਹੋਣ ਲਗ ਪਿਆ ਤੇ ਇਸ ਅਧੂਰੇਪਨ ਦੀ ਪੂਰਤੀ ਦੀ ਪਿਆਸ ਉਸ ਨੂੰ ਇਕ ਦਿਨ ਦਿੱਲੀ 'ਚ ਗੋਬਿੰਦ ਸੰਦਨ ਲੈ ਗਈ।

ਗੋਬਿੰਦ ਸਦਨ ਨੇ ਉਸ ਦੀ ਜ਼ਿੰਦਗੀ 'ਚ ਇਨਕਲਾਬ ਲਿਆ ਦਿਤਾ। ਉਹ ਸਿਖ ਬਣ ਗਿਆ। ਗੁਰਮੁਖੀਂ ਪੜ੍ਹ ਗਿਆ। ਗੁਰਬਾਣੀ ਦਾ ਪਾਠ ਕਰਨ ਲਗਪਿਆ। ਕੋਈ ਦੋ ਸਾਲ ਸਿਖ ਧਰਮ ਨੂੰ ਘੋਖਦਾ ਰਿਹਾ, ਵਾਚਦਾ ਰਿਹਾ ਤੇ ਉਹ ਅੰਮ੍ਰਿਤ ਛਕ ਕੇ ਗੁਰੂ ਦਾ ਸਿੰਘ ਸੱਜ ਗਿਆ।

ਅਜ ਉਹ ਸਿਖੀ ਦਾ ਪਰਚਾਰ ਕਰਦਾ ਫਿਰ ਰਿਹਾ ਹੈ। ਉਸ ਨੇ ਦਿੱਲੀ ਦੇ ਇਕ ਸਿਖ ਘਰਾਣੇ ਵਿਚ ਪੂਰਨ ਗੁਰ-ਮਰਿਆਦਾ ਅਨੁਸਾਰ ਸ਼ਾਦੀ ਕਰ ਲਈ ਹੈ। ਉਹ ਇਸ ਦੌਰਾਨ ਦੋ ਵਾਰ ਆਪਣੇ ਮਾਂ ਬਾਪ ਕੋਲ ਅਮਰੀਕਾ ਤੋਂ ਹੋ ਆਇਆ ਹੈ। ਉਸ ਦੇ ਮਾਂ ਬਾਪ ਨੂੰ ਇਸ ਗੱਲ ਦੀ ਤਸੱਲੀ ਹੈ ਕਿ ਉਹਨਾਂ ਦਾ ਪੁਤਰ ਸਹੀ ਰਸਤੇ ਤੇ ਚਲ ਰਿਹਾ ਹੈ। ਉਸ ਦਾ ਪਿਤਾ ਉਸ ਦੀ ਸ਼ਾਦੀ ਤੇ ਵੀ ਆਇਆ ਸੀ।

ਰੈਲਫ਼ ਸਿੰਘ ਬਾਕੀ ਧਰਮਾਂ ਨੂੰ ਵੀ ਸਮਝਦਾ ਹੈ—ਪਹਿਲਾਂ ਉਹ ਆਪ ਈਸਾਈ ਸੀ। ਉਹ ਆਪਣੇ ਤਜਰਬੇ ਤੋਂ ਪ੍ਰਭਾਵਿਤ ਹੋ ਕੇ ਆਖਦਾ ਹੈ—ਸਿਖੀ ਹੀ ਦੁਨੀਆ ਦਾ ਵਿਗਿਆਨਕ ਧਰਮ ਹੈ। ਇਹ ਧਰਮ ਇਨਸਾਨ ਨੂੰ ਦੁਨੀਆ ਤੋਂ ਮੁਖ ਮੋੜ ਕੇ ਅੰਧਾ-ਧੁੰਦ ਪੂਜਾ ਕਰਨ ਦੀ ਸਿਖਿਆ ਨਹੀਂ ਦਿੰਦਾ, ਸਗੋਂ ਦੁਨੀਆ ਵਿਚ ਰਹਿ ਕੇ ਆਪਣੀਆਂ ਜ਼ਿੰਮੇਵਾਰੀਆਂ ਨੇਕ ਨੀਅਤੀ ਨਾਲ ਨਿਭਾਉਂਦਿਆਂ ਭਗਤੀ ਕਰਨ ਦਾ ਉਪਦੇਸ਼ ਦਿੰਦਾ ਹੈ। ਅਜ ਜਦ ਯੂਰਪ



www.AKJ.Org

ਦੇ ਸਰਮਾਏਦਾਰੀ ਨਿਜ਼ਾਮਾਂ ਸਦਕਾ ਨੌਜਵਾਨ ਪੀੜ੍ਹੀ ਵਿਚ ਭਾਂਜਵਾਦ ਦੀ ਰੁਚੀ ਆ ਗਈ ਹੈ, ਉਥੇ ਸਿਖੀ ਧਰਮ ਹੀ ਕਲਿਆਣਕਾਰੀ ਹੋ ਸਕਦਾ ਹੈ। ਉਸ ਦਾ ਕਹਿਣਾ ਹੈ—'ਸਿਖੀ ਕੋਈ ਮਜ਼ੂਬ ਨਹੀਂ, ਇਕ ਸਚਾਈ ਦਾ ਨਾਂ ਹੈ।' ਜਿਸ ਧਰਮ ਦਾ ਹਰ ਮੰਨਣ ਵਾਲਾ ਨਿਤ 'ਮਨ ਨੀਵਾਂ, ਮਤ ਉਚੀ' ਦੀ ਬਖ਼ਸ਼ਸ਼ ਮੰਗਦਾ ਹੋਵੇ ਤੇ ਆਪਣੇ ਗੁਰੂ ਤੋਂ 'ਸਰਬਤ ਦਾ ਭਲਾ' ਮੰਗਦਾ ਹੋਵੇ, ਤੇ ਜੋ ਧਰਮ ਹਥੀਂ ਕਿਰਤ ਕਰ ਕੇ ਵੰਡ ਛਕਣ ਦਾ ਉਪਦੇਸ਼ ਦਿੰਦਾ ਹੋਵੇ...ਕੀ ਉਹ ਧਰਮ ਵਿਗਿਆਨਕ ਨਹੀਂ ? ਅਜੋਕੇ ਸਮਾਜ ਲਈ ਕਲਿਆਣਕਾਰੀ ਨਹੀਂ ?

ਰੈਲਫ ਸਿੰਘ ਵੀ ਆਮ ਸਿੰਘਾਂ ਵਾਂਗ ਮਹਿਸੂਸ ਕਰਦਾ ਹੈ, ਅਜ ਸਿਖਾਂ ਵਿਚ ਕੁਝ ਕਮਜ਼ੋਰੀਆਂ ਜ਼ਰੂਰ ਆ ਗਈਆਂ ਹਨ । ਨਵੀਂ ਪੀੜ੍ਹੀ ਵਿਚ ਇਸ ਧਰਮ ਲਈ ਬਹੁਤੀ ਸ਼ਰਧਾ ਨਹੀਂ ਰਹੀ । ਕਈ ਸਿਖ ਪਰਿਵਾਰਾਂ ਦੇ ਬੱਚੇ ਕੇਸ ਦਾਹੜੀਆਂ ਕਤਲ ਕਰਵਾਈ ਜਾ ਰਹੇ ਹਨ । ਪਰ ਉਹ ਆਖਦਾ ਹੈ—'ਇਸ ਵਿਚ ਕਸੂਰ ਸਿਖ ਨੇਤਾਵਾਂ ਦਾ ਹੈ, ਧਰਮ ਪਰਚਾਰਕਾਂ ਦਾ ਹੈ, ਜੋ ਅਜਿਹੇ ਨੌਜਵਾਨਾਂ ਲਈ ਚੰਗੇ ਆਦਰਸ਼ ਸਾਬਤ ਨਹੀਂ ਹੋ ਰਹੇ। ਇਸ ਦੇ ਬਾਵਜੂਦ ਰੈਲਫ ਸਿੰਘ ਦਾ ਵਿਸ਼ਵਾਸ ਹੈ ਸਿਖ ਧਰਮ ਵਧੇਗਾ, ਫੁਲੇਗਾ । ਇਸ ਦਾ ਕਦੀ ਅੰਤ ਨਹੀਂ ਹੋ ਸਕਦਾ, ਕਦੀ ਨਹੀਂ ਹੋ ਸਕਦਾ ।

['ਰੋਜ਼ਾਨਾ' ਅਜੀਤ ੨੮-੭-੭੪

---

# 'ਗੁਰਮਤਿ ਵਿਚਾਰ ਪਤ੍ਰਕਾ' ਦਾ ਜਾਰੀ ਰਖਣਾ ਅਤਿ ਲੁੜੀਂਦਾ ਹੈ

'ਗੁਰਮਤਿ ਵਿਚਾਰ ਪਤ੍ਰਕਾ' ਜਲੰਧਰ ਦੇ ਸੰਪਾਦਕ ਸ: ਹਰਬੰਸ ਸਿੰਘ ਜੀ ਲਾਇਲਪੁਰੀ ਬੜੇ ਨਿਧੜਕ, ਨਿਰਪਖ, ਨਿਸ਼ਕਾਮ ਤੇ ਗੁਰਮਤਿ-ਪਰਚਾਰ ਦਾ ਸਹੀ ਦਰਦ ਰਖਣ ਵਾਲੇ ਅਣਥਕ ਸੇਵਕ ਹਨ। ਆਪ ਜੀ ਵਰਤਮਾਨ ਸਮੇਂ ਵਿਚ ਗੁਰਮਤਿ ਦੇ ਵਿਰੁੱਧ ਫੈਲ ਰਹੀਆਂ ਮਨਮਤੀ ਕੁਰੀਤੀਆਂ ਨੂੰ ਰੋਕਣ ਲਈ ਆਪਣੇ ਲੇਖਾਂ ਰਾਹੀਂ ਬੜਾ ਨਿਗਰ ਪਰਚਾਰ ਕਰ ਰਹੇ ਹਨ। ਉਨ੍ਹਾਂ ਦੇ ਲੇਖ ਸਿਖੀ ਆਦਰਸ਼ ਤੋਂ ਲਾਂਭੇ ਜਾ ਰਹੀ ਸਿਖ ਜਨਤਾ ਅਤੇ ਆਗੂਆਂ ਨੂੰ ਸਹੀ ਸੇਧ ਦੇਂਦੇ ਹਨ।

ਫ਼ਿਲਮਾਂ ਦੁਆਰਾ ਸਿਖੀ ਪਰਚਾਰ ਦੇ ਅਪਣਾਏ ਜਾ ਰਹੇ ਨਵੀਨ ਢੰਗ ਉਤੇ ਇਸ ਪਤਰਕਾ ਨੇ ਹੁਣ ਤਕ ਕਰੜੀ ਆਲੋਚਨਾ ਕੀਤੀ ਹੈ, ਜੋ ਕਿ ਬਹੁਤ ਹੀ ਯੋਗ ਹੈ। ਲਾਇਲਪੁਰੀ ਜੀ ਦੇ ਉਦਮ ਸਦਕਾ ਹੀ ਸਿਖ ਫ਼ਿਲਮਾਂ ਬਾਰੇ ਕੌਮ ਵਿਚ ਇਕ ਤਕੜਾ ਹਲੂਣਾ ਆਇਆ ਹੈ, ਅਤੇ ਹੁਣ ਥਾਂ-ਪਰ-ਥਾਂ ਤੋਂ ਇਨ੍ਹਾਂ ਫ਼ਿਲਮਾਂ ਦੇ ਬਰਖ਼ਿਲਾਫ਼ ਅਵਾਜ਼ਾਂ ਉਠ ਰਹੀਆਂ ਹਨ। ਪਰ ਕੌਮ ਦੇ ਮਲਾਹਾਂ ਉਤੇ ਅਜੇ ਤਕ ਰਤਾ ਅਸਰ ਹੋਇਆ ਨਹੀਂ ਜਾਪਦਾ । ਲੀਡਰਾਂ ਦੇ ਇਸ ਮਨ-ਮੰਨੇ ਰਵੱਈਏ ਤੋਂ ਲਾਇਲਪੁਰੀ ਜੀ ਅਤੀ ਨਿਰਾਸ਼ ਹੋਏ ਹਨ ਅਤੇ ਇਥੋਂ ਤਕ ਮਾਯੂਸ ਹੋਏ ਹਨ ਕਿ ਉਨ੍ਹਾਂ ਆਪਣੇ ਪਿਛਲੇਰੇ ਪਰਚੇ ਵਿਚ ਨੋਟ ਦਿਤਾ ਹੈ ਕਿ ਦੋ ਤਿੰਨ ਪਰਚੇ ਕਢ ਕੇ ਇਹ ਪਰਚਾ ਬੰਦ ਕਰਨ ਦਾ ਫ਼ੈਸਲਾ ਕਰ ਲਿਆ ਗਿਆ ਹੈ।

ਅਸੀਂ ਸ: ਹਰਬੰਸ ਸਿੰਘ ਜੀ ਲਾਇਲਪੁਰੀ ਦੀ ਸੇਵਾ ਵਿਖੇ ਬੇਨਤੀ ਕਰਦੇ ਹਾਂ ਕਿ ਉਹ ਨਿਰਾਸ ਨਾ ਹੋਣ, ਸਗੋਂ ਪਹਿਲਾਂ ਵਾਂਗ ਪੂਰੀ ਲਗਨ ਤੇ ਦ੍ਰਿੜ੍ਹਤਾ ਨਾਲ ਆਪਣਾ ਕਰਤਵ ਜਾਰੀ ਰਖਣ। ਸਿਖ ਜਨਤਾ ਉਪਰ ਇਸ ਦਾ ਚੰਗਾ ਪ੍ਰਭਾਵ ਪੈ ਰਿਹਾ ਹੈ। ਸਾਨੂੰ ਵਿਸ਼ਵਾਸ ਹੈ ਕਿ ਉਨ੍ਹਾਂ ਦੀ ਘਾਲਣਾ ਅਜਾਈਂ ਨਹੀਂ ਜਾਏਗੀ ਅਤੇ ਸਤਿਗੁਰੂ ਇਸ ਸੇਵਾ ਨੂੰ ਜ਼ਰੂਰ ਫਲੀਭੂਤ ਕਰਨਗੇ।

ਅਸੀਂ ਆਪਣੇ ਪਾਠਕਾਂ, ਹਿਤੈਸ਼ੀਆਂ, ਗੁਰਮਤਿ-ਦਰਦੀਆਂ ਅਤੇ ਹੋਰ ਸਿਖ ਸੰਗਤਾਂ ਪਾਸ ਅਪੀਲ ਕਰਦੇ ਹਾਂ ਕਿ ਗੁਰਮਤਿ ਪਰਚਾਰ ਦੇ ਅਜਿਹੇ ਨਿਸ਼ਕਾਮ ਸੇਵਕਾਂ ਦੀ ਹੌਸਲਾ-ਅਫ਼ਜ਼ਾਈ ਕੀਤੀ ਜਾਣੀ ਜ਼ਰੂਰੀ ਹੈ। ਉਨ੍ਹਾਂ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇ ਕੇ, ਇਸ ਪਰਚੇ ਨੂੰ ਵਧ ਤੋਂ ਵਧ ਹੱਥਾਂ ਵਿਚ ਪਹੁੰਚਾ ਕੇ ਗੁਰਮਤਿ ਨੂੰ ਪਰਚਾਰਿਆ ਜਾਏ। ਸਤਿਗੁਰੂ ਇਸ ਪਰਚੇ ਤੇ ਇਸ ਦੇ ਸੰਪਾਦਕ ਨੂੰ ਚੜ੍ਹਦੀਆਂ ਕਲਾਂ ਬਖ਼ਸ਼ਣ।

ਦਾਸਰੇ—ਸੇਵਾਦਾਰ 'ਸੂਰਾ'



www.AKJ.Org

# ਸ਼ਰਾਬ ਪੀਣ ਵਾਲਾ ਸਿਖ ਤਨਖ਼ਾਹੀਆ ਕਿ ਪਤਿਤ ?

[ ਵਲੋਂ :— ਭਾਈ ਅਮਰਜੀਤ ਸਿੰਘ ਜੀ ਡਰਾਫਟਸਮੈਨ, ਦੀਮਾਪੁਰ ]

'ਗੁਰਮਤਿ ਵੀਚਾਰ ਪਤ੍ਰਕਾ' ਜਲੰਧਰ ਦੇ ੧ ਜੁਲਾਈ ੧੯੭੪ ਵਾਲੇ ਪਰਚੇ ਵਿਚ ਇਹ ਪੜ੍ਹ ਕੇ ਬਹੁਤ ਦੁਖ ਹੋਇਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਸਿੰਘ ਸਾਹਿਬ ਭਾਈ ਸਾਧੂ ਸਿੰਘ ਜੀ 'ਭੌਰਾ' ਨੇ ਬੰਬਈ ਵਿਖੇ ਅੰਮ੍ਰਿਤ ਸੰਚਾਰ ਸਮੇਂ ਕਿਸੇ ਸੱਜਣ ਦੇ ਪ੍ਰਸ਼ਨ ਦਾ ਉੱਤਰ ਦੇਂਦੇ ਹੋਏ ਇਹ ਆਖਿਆ ਕਿ 'ਸ਼ਰਾਬ ਚਾਰ ਕੁਰਹਿਤਾਂ ਵਿਚ ਸ਼ਾਮਲ ਨਹੀਂ । ਇਸ ਲਈ ਅੰਮ੍ਰਿਤਧਾਰੀ ਸਿਖ ਸ਼ਰਾਬ ਵਰਤ ਕੇ ਤਨਖ਼ਾਹੀਆ ਜਾਂ ਪਤਿਤ ਨਹੀਂ ਹੋ ਜਾਂਦਾ ।'

ਸ਼੍ਰ: ਗੁ: ਪ੍ਰ: ਕਮੇਟੀ ਦੇ ਕਈ ਪਰਚਾਰਕ ਤੇ ਅਹੁਦੇਦਾਰ ਵੀ ਇਹੀ ਪ੍ਰਚਾਰ ਕਰਦੇ ਹਨ ਕਿ ਸ਼ਰਾਬ ਪੀਣ ਵਾਲਾ ਸਿਖ ਤਨਖ਼ਾਹੀਆ ਨਹੀਂ ਹੁੰਦਾ । ਜਦ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜੱਥੇਦਾਰ ਇਹ ਕਹਿ ਸਕਦਾ ਹੈ ਤਾਂ ਹੋਰਨਾਂ ਨਾਮਧ੍ਰੀਕ ਪ੍ਰਚਾਰਕਾਂ ਨੂੰ ਵੀ ਇਹੀ ਭਾਉਂਦਾ ਹੈ । ਭਾਵੇਂ ਕੋਈ ਸਿੱਖ ਕਿਤਨੀ ਹੀ ਉੱਚੀ ਤੇ ਸਨਮਾਨਿਤ ਪਦਵੀ ਤੇ ਕਿਉਂ ਨ ਹੋਵੇ, ਜੇਕਰ ਉਹ ਵਿਅਕਤੀ ਕਿਸੇ ਗੁਰਮਤਿ ਅਸੂਲ ਨੂੰ ਅੱਖੋਂ ਓਹਲੇ ਕਰ ਕੇ ਗ਼ਲਤ ਬਿਆਨ-ਬਾਜ਼ੀ ਕਰੇ ਤਾਂ ਹਰ ਇਕ ਗੁਰਮਤਿ-ਪ੍ਰੇਮੀ ਨੂੰ ਹੱਕ ਹੈ ਕਿ ਉਸ ਗ਼ਲਤ ਬਿਆਨ ਦੇ ਵਿਰੁੱਧ ਆਵਾਜ਼ ਉਠਾਵੇ ਅਤੇ ਉਸ ਦੇ ਕੁਸਤ ਦਾ ਭਾਂਡਾ ਫੋੜ ਦੇਵੇ ।

ਸਿੰਘ ਸਾਹਿਬ ਇਹ ਬਹਾਨਾ ਘੜਦੇ ਹਨ ਕਿ ਚਾਰ ਕੁਰਹਿਤਾਂ ਵਿਚ ਸ਼ਰਾਬ ਸ਼ਾਮਲ ਨਹੀਂ, ਕਿਉਂਕਿ ਰਹਿਤਨਾਮਿਆਂ ਵਿਚ ਸ਼ਬਦ ਜਗਤ-ਜੂਠ ਜਾਂ ਤੰਮਾਕੂ ਲਿਖ ਕੇ ਇਸ ਦੇ ਸੇਵਨ ਤੋਂ ਮਨ੍ਹਾ ਕੀਤਾ ਗਿਆ ਹੈ, ਪਰ ਰਹਿਤਨਾਮੇ ਸ਼ਰਾਬ ਪੀਣ ਤੋਂ ਵੀ ਮਨ੍ਹਾ ਕਰਦੇ ਹਨ । ਸ਼ਰਾਬ ਚਾਰ ਕੁਰਹਿਤਾਂ ਵਿਚ ਸ਼ਾਮਲ ਨਹੀਂ ।। ਇਸ ਵਾਕ ਦੀ ਆੜ ਵਿਚ ਇਹ ਸਿੰਘ ਸਾਹਿਬ ਸਿੱਖ ਜਨਤਾ ਨੂੰ ਗੁਮਰਾਹ ਕਰ ਰਹੇ ਹਨ । ਇਸ ਤਰ੍ਹਾਂ ਉਹਨਾਂ ਨੇ ਅਜ ਤਕ ਲੁਕ-ਛਿਪ ਕੇ ਸ਼ਰਾਬ ਪੀਣ ਵਾਲਿਆਂ ਤੇ ਜਿਨ੍ਹਾਂ ਨੇ ਅਜ ਤਕ ਧਾਰਮਕ ਡਰ ਕਰ ਕੇ ਨਹੀਂ ਪੀਤੀ ਪਰ ਇੱਛਾ ਰਖਦੇ ਹਨ, ਐਸੇ ਬੰਦਿਆਂ ਨੂੰ ਨਿਸੰਗ ਹੋ ਕੇ ਸ਼ਰਾਬ ਪੀਣ ਦੀ ਖੁਲ੍ਹ ਤੇ ਸ਼ਹਿ ਦੇ ਦਿੱਤੀ ਹੈ ।

ਸਾਡਾ ਸਭ ਤੋਂ ਵਧ ਪ੍ਰਮਾਣੀਕ ਰਹਿਤਨਾਮਾ ਗੁਰਬਾਣੀ ਹੀ ਹੈ । ਗੁਰਬਾਣੀ ਦੀ ਉੱਜਵਲ ਰੋਸ਼ਨੀ ਵਿਚ ਹੋਰ ਰਹਿਤਨਾਮੇ ਤੇ ਇਤਿਹਾਸ ਮੰਨਣ-ਯੋਗ ਹਨ । ਕਿਉਂਕਿ ਕਈ ਐਸੀਆਂ ਗੁਰਮਤਿ ਮਰਯਾਦਾ ਦੀਆਂ ਗੱਲਾਂ ਹਨ ਜਿਨ੍ਹਾਂ ਦਾ ਜ਼ਿਕਰ ਗੁਰਬਾਣੀ ਵਿਚ ਨਹੀਂ ਹੈ, ਉਹ ਸਾਨੂੰ ਰਹਿਤਨਾਮਿਆਂ ਤੇ ਇਤਿਹਾਸ ਵਿਚੋਂ ਪ੍ਰਾਪਤ ਹੁੰਦੀਆਂ ਹਨ । ਜਿਸ ਤੋਂ ਗੁਰਬਾਣੀ ਵਰਜਦੀ ਹੈ ਉਹ ਗੱਲ ਜੇਕਰ ਰਹਿਤਨਾਮੇ ਵਿਚ ਨਾ ਵੀ ਹੋਵੇ ਤਾਂ ਵੀ ਸਿੱਖ ਉਸ ਨੂੰ ਮੰਨਦਾ ਹੈ, ਕਿਉਂਕਿ ਸਿਖ ਦਾ ਇਸ਼ਟ ਗੁਰਬਾਣੀ ਹੀ ਹੈ । ਗੁਰਬਾਣੀ ਵਿਚ ਕਈ ਵਾਕ ਐਸੇ ਹਨ ਜੋ ਸਾਨੂੰ ਸ਼ਰਾਬ ਭੰਗ ਆਦਿ ਨਸ਼ਿਆਂ ਤੋਂ ਵਰਜਦੇ ਹਨ । ਪਰ ਇਥੇ ਕੇਵਲ ਇਕੋ ਗੁਰਬਾਣੀ ਦਾ ਪ੍ਰਮਾਣ ਦੇ ਕੇ ਦ੍ਰਿੜ੍ਹ ਵਿਸ਼ਵਾਸ ਨਾਲ ਇਹ ਸਿੱਧ ਕਰ ਦੇਣਾ ਉਚਿਤ ਹੈ ਕਿ ਸ਼ਰਾਬ ਪੀਣ ਕਰ ਕੇ ਸਿੱਖ ਤਨਖ਼ਾਹੀਆ ਹੀ ਨਹੀਂ, ਬਲਕਿ ਉਸ ਤੋਂ ਬਹੁਤ ਵੱਧ ਸਜ਼ਾ ਦਾ ਹੱਕਦਾਰ ਅਰਥਾਤ ਸਿੱਖੀ ਤੋਂ ਪਤਿਤ ਹੋ ਜਾਂਦਾ ਹੈ । 'ਇਹ ਯਾਦ ਰਖਣਾ ਜ਼ਰੂਰੀ ਹੈ ਕਿ 'ਤਨਖ਼ਾਹੀਆ' ਤੇ 'ਪਤਿਤ' ਦੋਹਾਂ ਸ਼ਬਦਾਂ ਦੇ ਇਕੋ ਜਿਹੇ ਅਰਥ ਨਹੀਂ ਹਨ । ਚਾਰ ਕੁਰਹਿਤਾਂ ਵਿਚੋਂ ਕੋਈ ਇਕ ਵੀ ਜਿਸ ਸਿੱਖ ਕੋਲੋਂ ਭੁਲ-ਭੁਲੇਖੇ ਜਾਂ ਜਾਣ ਬੁਝ ਕੇ ਹੋ ਜਾਏ ਤਾਂ ਉਹ ਪਤਿਤ ਕਹਿਆ ਜਾਂਦਾ ਹੈ । ਅਤੇ ਇਸ ਤੋਂ ਬਿਨਾਂ ਪੰਜ ਕਕਾਰਾਂ ਵਿਚੋਂ ਜੇ ਕਿਸੇ ਇਕ ਕਕਾਰ ਦੇ ਰਖਣ ਵਿਚ ਢਿਲਿਆਈ ਹੋ ਜਾਏ ਜਾਂ ਸਿੱਖੀ ਅਸੂਲਾਂ ਤੋਂ ਵਿਰੁੱਧ ਕੋਈ ਗੱਲ ਹੋ ਜਾਵੇ ਤਾਂ ਸਿੱਖ ਤਨਖ਼ਾਹੀਆ ਹੁੰਦਾ ਹੈ । ਪਤਿਤ ਨੂੰ ਸੋਧਣ ਵਾਸਤੇ ਤਨਖ਼ਾਹ ਦੰਡ ਦੇ ਕੇ ਮੁੜ ਅੰਮ੍ਰਿਤ ਪਾਨ ਕਰਾਉਣਾ ਪੈਂਦਾ ਹੈ, ਜਦ ਕਿ ਤਨਖ਼ਾਹੀਏ



www.AKJ.Org

ਸਿੱਖ ਨੂੰ ਪੰਜ-ਪਿਆਰੇ ਕੁਝ ਦੰਡ ਲਾ ਕੇ ਸੁਧਾਈ ਕਰ ਦਿੰਦੇ ਹਨ।

ਅੰਮ੍ਰਿਤ ਪਾਨ ਕਰਨ ਵਾਲੇ ਜਗਿਆਸੂਆਂ ਨੂੰ ਇਹ ਤਾਂ ਦ੍ਰਿੜਾਇਆ ਹੀ ਜਾਂਦਾ ਹੈ ਕਿ ਅਜ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਪੂਰਨ ਤੇ ਪ੍ਰਤੱਖ ਗੁਰੂ ਸਮਝਣਾ ਅਤੇ ਇਨ੍ਹਾਂ ਦੀ ਬਾਣੀ ਅਨੁਸਾਰ ਆਪਣਾ ਜੀਵਨ ਬਤੀਤ ਕਰਨਾ ਹੈ। ਅਤੇ ਚਾਰ ਕੁਰਹਿਤਾਂ ਵਿਚੋਂ ਇਕ ਕੁਰਹਿਤ ਇਹ ਵੀ ਦੱਸੀ ਜਾਂਦੀ ਹੈ ਕਿ ਪਰ-ਇਸਤ੍ਰੀ ਗਮਨ ਜਾਂ ਪਰ-ਪੁਰਸ਼ ਗਮਨ ਕਰਨ ਵਾਲਾ ਸਿੰਘ ਜਾਂ ਸਿੰਘਣੀ ਸਿੱਖੀ ਤੋਂ ਪਤਿਤ ਹੋ ਜਾਂਦੇ ਹਨ। ਇਸ ਕੁਰਹਿਤ ਦੇ ਨਾਲ ਸਿੱਖੀ ਦਾ ਇਹ ਅਸੂਲ ਵੀ ਦ੍ਰਿੜ੍ਹ ਕਰਾਇਆ ਜਾਂਦਾ ਹੈ ਕਿ ਆਪਣੀ ਹੀ ਪਤਿਤ ਹੋ ਚੁੱਕੀ ਪਤਨੀ ਜਾਂ ਆਪਣੇ ਹੀ ਪਤਿਤ ਹੋ ਚੁੱਕੇ ਪਤੀ ਨਾਲ ਸੰਜੋਗ ਕਰਨ ਵਾਲਾ ਸਿੰਘ ਜਾਂ ਸਿੰਘਣੀ ਵੀ ਪਤਿਤ ਹੋ ਜਾਂਦੇ ਹਨ।

ਉਪਰੋਕਤ ਦੱਸੇ ਦੋਹਾਂ ਅਸੂਲਾਂ ਨੂੰ ਮੁਖ ਰਖ ਕੇ ਗੁਰਬਾਣੀ ਦੀ ਇਸ ਪੰਕਤੀ, ਯਥਾ :—"ਦੁਰਮਤਿ ਮਦੁ ਜੋ ਪੀਵਤੇ, ਬਿਖਲੀਪਤਿ ਕਮਲੀ" [ਪੰਨਾ ੩੯੯] ਨੂੰ ਵੀਚਾਰੀਏ ਤਾਂ ਸਾਨੂੰ ਪਤਾ ਲਗੇਗਾ ਕਿ ਇਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ 'ਮਦ' ਜਾਂ ਸ਼ਰਾਬ ਪੀਣ ਵਾਲੇ ਨੂੰ 'ਬਿਖਲੀ ਪਤਿ' ਅਰਥਾਤ ਪਰ-ਪੁਰਸ਼ ਨਾਲ ਭੋਗ ਕਰਨ ਵਾਲੀ (ਵੇਸਵਾ) ਵਿਭਚਾਰਨ ਇਸਤ੍ਰੀ ਦਾ ਪਤੀ ਕਹਿ ਕੇ ਫਿਟਕਾਰ ਰਹੇ ਹਨ। ਉਪਰੋਕਤ ਲਿਖੇ ਅਸੂਲ ਅਨੁਸਾਰ, ਜੇਕਰ ਮੰਦ ਭਾਗਾਂ ਨਾਲ ਕਿਸੇ ਸਿੱਖ ਦੀ ਪਤਨੀ ਪਰਪੁਰਸ਼ ਗਮਨ ਕਰ ਲਵੇ ਤਾਂ ਉਸ ਪਤਿਤ ਹੋਈ ਇਸਤ੍ਰੀ ਦਾ ਸੰਗ ਉਸ ਪਤੀ (ਸਿਖ) ਲਈ ਤਦ ਤਕ ਵਰਜਿਤ ਹੈ ਜਦ ਤਕ ਕਿ ਉਹ ਪਤਿਤ ਹੋ ਚੁੱਕੀ ਇਸਤ੍ਰੀ ਪ੍ਰਾਸ਼ਚਿਤ ਕਰ ਕੇ ਤਨਖ਼ਾਹ ਲਾ ਕੇ ਅਤੇ ਮੁੜ ਅੰਮ੍ਰਿਤ ਪਾਨ ਕਰਵਾ ਕੇ ਸਿੱਖੀ ਮੰਡਲ ਵਿਚ ਸ਼ਾਮਲ ਨਹੀਂ ਕਰ ਲਈ ਜਾਂਦੀ। ਜੇਕਰ ਸਿੱਖ ਪਤਿਤ ਹੋਈ ਪਤਨੀ ਦਾ ਸੰਗ ਕਰ ਲਵੇ ਤਾਂ ਉਹ ਸਿੱਖ ਵੀ ਪਤਿਤ ਗਰਦਾਨਿਆ ਜਾਂਦਾ ਹੈ। ਉਪਰਲੇ ਗੁਰਵਾਕ ਦੀ ਪੰਕਤੀ ਵਿਚ 'ਮਦ' ਅਰਥਾਤ ਸ਼ਰਾਬ ਨੂੰ 'ਬਿਖਲੀ' (ਜਿਸ ਤਰ੍ਹਾਂ ਤੰਮਾਕੂ ਨੂੰ 'ਬਿਖਿਆ' ਜਾਂ 'ਜਗਤ ਜੂਠ' ਕਹਿੰਦੇ ਹਨ) ਯਾਨੀ ਪਰ ਪੁਰਸ਼ ਗਮਨ ਕਰਨ ਵਾਲੀ ਜਾਂ ਵੇਸਵਾ ਦੀ ਤੁਲਨਾ ਦਿਤੀ ਗਈ ਹੈ। ਸ਼ਰਾਬ ਪੀਣ ਵਾਲੇ ਲਈ ਬਿਖਲੀਪਤਿ (ਜਿਸ ਤਰ੍ਹਾਂ ਕਿ ਤੰਮਾਕੂ ਜਾਂ ਬਿਖਿਆ ਪੀਣ ਵਾਲੇ ਨੂੰ ਬਿਖਿਆਪਾਨੀ ਕਿਹਾ ਜਾਂਦਾ ਹੈ) ਅਰਥਾਤ ਵੇਸਵਾ ਦਾ ਪਤੀ ਸ਼ਬਦ ਵਰਤਿਆ ਜਾਣਾ ਸਾਫ਼ ਸਿੱਧ ਕਰ ਰਿਹਾ ਹੈ ਕਿ ਸ਼ਰਾਬ ਪੀਣ ਵਾਲਾ ਉਸ ਦਾ ਪਤੀ ਹੈ ਜੋ ਵੇਸਵਾ ਹੈ। ਇਸ ਤਰ੍ਹਾਂ ਸ਼ਰਾਬ ਪੀਣ ਵਾਲੇ ਸਿੱਖ ਨੂੰ ਪਰਮ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਪਤਿਤ ਗਰਦਾਨਦੇ ਹਨ। ਸ਼ਾਇਦ ਕਈ ਵੀਰ ਇਸ ਗੱਲ ਨਾਲ ਸਹਿਮਤ ਨ ਹੋਣ ਕਿ ਬਿਖਲੀ ਸ਼ਬਦ ਸ਼ਰਾਬ ਲਈ ਵਰਤਿਆ ਗਿਆ ਹੈ ਕਿਉਂਕਿ ਉਪਰਲੇ ਗੁਰਵਾਕ ਦੀ ਪੰਗਤੀ ਵਿਚ ਸ਼ਰਾਬ ਲਈ ਮਦੁ ਸ਼ਬਦ ਪਹਿਲਾਂ ਆ ਚੁੱਕਾ ਹੈ। ਤਾਂ ਵੀ ਇਸ ਗੱਲ ਤੋਂ ਕਿਸੇ ਸੱਜਣ ਨੂੰ ਮੁਨਕਰ ਨਹੀਂ ਹੋਣਾ ਚਾਹੀਦਾ ਕਿ ਬਿਖਲੀ-ਪਤਿ ਸ਼ਬਦ ਸ਼ਰਾਬ ਪੀਣ ਵਾਲੇ ਲਈ ਹੀ ਵਰਤਿਆ ਗਿਆ ਹੈ। ਕੀ ਕੋਈ ਸਿੰਘ ਸਾਹਿਬ ਇਹ ਕਹਿਣ ਦਾ ਸਾਹਸ ਵੀ ਕਰ ਸਕਦਾ ਹੈ ਕਿ ਦੁਰਾਚਾਰਨ ਇਸਤ੍ਰੀ ਦਾ ਪਤੀ, ਉਸ ਦਾ ਪਤੀ ਹੋਣ ਦੇ ਨਾਤੇ ਪਤਿਤ ਨਹੀਂ ਹੁੰਦਾ ?

ਸੋ ਗੁਰਦੇਵ ਜੀ ਦੇ ਹੁਕਮ ਦੇ ਉਲਟ ਕਿਸੇ ਸਿੰਘ ਸਾਹਿਬ ਨੂੰ ਬਿਲਕੁਲ ਕੋਈ ਹੱਕ ਨਹੀਂ ਕਿ ਉਹ ਕਹਿ ਸਕੇ ਕਿ ਸ਼ਰਾਬ ਪੀਣ ਵਾਲਾ ਸਿੱਖ ਤਨਖ਼ਾਹੀਆ ਨਹੀਂ ਹੁੰਦਾ। ਜੇਕਰ ਕੋਈ ਸਿੱਖ ਐਸਾ ਕਰਦਾ ਹੈ ਤਾਂ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮ ਤੋਂ ਮੁਨਕਰ ਹੋਣ, ਸਿਖ ਜਨਤਾ ਨੂੰ ਗੁਮਰਾਹ ਕਰਨ ਅਤੇ ਸ਼ਰਾਬ ਪੀਣ ਵਾਲੇ ਲੋਕਾਂ ਦਾ ਹਿਮਾਇਤੀ ਹੋਣ ਕਰ ਕੇ ਆਪ ਕਰੜੇ ਦੰਡ ਵਾਲੀ ਤਨਖ਼ਾਹ ਲਵਾਉਣ ਦਾ ਭਾਗੀ ਹੈ। ਇਹ ਕਹਿਣਾ ਨਹੀਂ ਸੋਭਦਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਜੀ ਸਿੱਖੀ ਅਸੂਲਾਂ ਤੋਂ ਅਨਜਾਣ ਹਨ, ਬਲਕਿ ਇਹ ਗੱਲ ਠੀਕ ਭਾਸਦੀ ਹੈ ਕਿ ਜਿਸ ਸ਼੍ਰੋਮਣੀ ਕਮੇਟੀ ਦੇ ਅਧੀਨ ਉਹ ਇਸ ਉੱਚ ਪਦਵੀ ਤੇ ਬਿਰਾਜਮਾਨ ਹਨ, ਸ਼ਾਇਦ ਉਸ ਦੇ ਕਈ ਮੈਂਬਰ ਤੇ ਹੋਰ ਕਈ ਗੁਰਦੁਆਰਿਆਂ ਦੇ ਪ੍ਰਬੰਧਕ, ਸੇਵਕ ਤੇ ਕਈ ਪ੍ਰਚਾਰਕ ਸ਼ਰਾਬ ਦੇ ਆਦੀ ਹਨ, ਉਨ੍ਹਾਂ ਦੇ ਲਿਹਾਜ਼



www.AKJ.Org

ਕਰਕੇ ਹੀ ਜੱਥੇਦਾਰ ਸਾਹਿਬ ਉਪਰੋਕਤ ਬਿਆਨ ਦਿੰਦੇ ਹਨ, ਤਾਂ ਕਿ ਉਹ ਸਾਰੇ ਸ਼ਰਾਬ ਵਰਤਣ ਵਾਲੇ ਤਨਖ਼ਾਹੀਏ ਨਾ ਗਿਣੇ ਜਾਣ। 'ਗੁਰਮਤਿ ਵੀਚਾਰ ਪਤ੍ਰਕਾ' ਤੋਂ ਪਤਾ ਲਗਾ ਹੈ ਕਿ ਸ੍ਰੀ ਅਕਾਲ ਤਖ਼ਤ ਦੇ ਨਿਯਮਾਂ ਵਿਚ ਐਸੀ ਲਿਖਤ ਮੌਜੂਦ ਹੈ ਜਿਸ ਵਿਚ ਸ਼ਰਾਬ ਆਦਿਕ ਨਸ਼ੇ ਵਰਤਣ ਵਾਲੇ ਨੂੰ ਤਨਖ਼ਾਹੀਆ ਦਸਿਆ ਗਿਆ ਹੈ।

ਚੰਗੇ ਭਾਗ ਹਨ ਕਿ ਕਈ ਅੰਮ੍ਰਿਤ ਸੰਚਾਰੀ ਜੱਥੇ ਦ੍ਰਿੜ੍ਹ ਕਰਾਉਂਦੇ ਹਨ ਕਿ ਸ਼ਰਾਬ ਤੇ ਹੋਰ ਨਸ਼ੇ ਵਰਤਣ ਵਾਲਾ ਸਿਖ ਤਨਖ਼ਾਹੀਆ ਹੁੰਦਾ ਹੈ। ਪਰੰਤੂ ਤੁੱਛ ਬੁੱਧੀ ਵਾਲਾ ਦਾਸ ਪੂਰੀ ਨਿੰਮ੍ਰਤਾ ਸਹਿਤ ਉਨ੍ਹਾਂ ਸਮੂਹ ਧੰਨਤਾ ਯੋਗ ਗੁਰੂ ਪਿਆਰਿਆਂ ਅੱਗੇ ਹੱਥ ਜੋੜ ਕੇ ਬਿਨੈ ਕਰਦਾ ਹੈ ਕਿ ਉਹ ਇਸ ਲੇਖ ਨੂੰ ਪੜ੍ਹ ਕੇ ਵੀਚਾਰ ਕਰਨ ਕਿ ਸ਼ਰਾਬ ਪੀਣ ਵਾਲਾ ਸਿੱਖ ਕੇਵਲ ਤਨਖ਼ਾਹੀਆ ਹੀ ਹੈ ਜਾਂ ਪਤਿਤ ? ਗੁਰੂ-ਹੁਕਮਾਂ ਅਨੁਸਾਰ ਜਗਿਆਸੂਆਂ ਨੂੰ ਕੀ ਦ੍ਰਿੜ੍ਹ ਕਰਾਉਣਾ ਉਚਿਤ ਹੈ ?

ਕੇਂਦਰੀ ਸਿੰਘ ਸਭਾ ਸ਼ਤਾਬਦੀ ਕਮੇਟੀ ਦੀ 'ਸਿੰਘ ਸਭਾ ਪਤ੍ਰਿਕਾ' ਵਿਚ ਪ੍ਰਣ ਪੱਤਰ ਛਪਿਆ ਹੈ ਜਿਸ ਵਿਚ ਇਕ ਪ੍ਰਣ ਇਹ ਵੀ ਹੈ ਕਿ, "ਮੈਂ ਸ਼ਰਾਬ ਅਥਵਾ ਹੋਰ ਕਿਸੇ ਨਸ਼ੇ ਦਾ ਸੇਵਨ ਨਹੀਂ ਕਰਦਾ।" ਸੋ ਜੇਕਰ ਸਿੰਘ ਸਭਾ ਸ਼ਤਾਬਦੀ ਕਮੇਟੀ ਸਚਮੁਚ ਹੀ ਸ਼ਰਾਬ ਤੇ ਹੋਰ ਨਸ਼ਿਆਂ ਨੂੰ ਸਿਖ ਕੌਮ ਵਿਚੋਂ ਵਿਦਾ ਕਰਨਾ ਚਾਹੁੰਦੀ ਹੈ ਤਾਂ ਸਭ ਤੋਂ ਪਹਿਲਾਂ ਉਸ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਜੀ ਦੀ ਸੁਧਾਈ ਕਰਨੀ ਚਾਹੀਦੀ ਹੈ, ਤਾਂਕਿ ਇਕ ਵੱਡੇ ਆਗੂ ਨੇ ਜੋ ਗ਼ਲਤ-ਬਿਆਨੀ ਕਰ ਕੇ ਕੌਮ ਵਿਚ ਗ਼ਲਤ-ਫ਼ਹਿਮੀ ਪਾਈ ਹੈ ਅਤੇ ਕੌਮ ਦੇ ਆਚਰਣ ਨੂੰ ਨੁਕਸਾਨ ਪਹੁੰਚਾਉਣ ਦਾ ਕੋਝਾ ਜਤਨ ਕੀਤਾ ਹੈ, ਉਹ ਬੰਦ ਹੋ ਸਕੇ।

ਸਰਬ ਕਾਲ ਤੇ ਸਰਬ ਕਲਾ ਦੇ ਗਿਆਤਾ ਸਤਿਗੁਰਾਂ ਨੇ ਐਵੇਂ ਹੀ ਇਸ ਸ਼ਰਾਬ ਤੇ ਨਸ਼ਿਆਂ ਤੋਂ ਨਹੀਂ ਹੋੜਿਆ, ਬਲਕਿ ਸੰਸਾਰ ਦੇ ਇਤਿਹਾਸ ਵਿਚ ਹਜ਼ਾਰਾਂ ਪੰਨੇ ਸ਼ਰਾਬ ਤੇ ਨਸ਼ਿਆਂ ਨਾਲ ਹੋਈਆਂ ਬੁਰਾਈਆਂ ਦੇ ਜ਼ਿਕਰ ਨਾਲ ਭਰੇ ਪਏ ਹਨ। ਧਾਰਮਕ, ਸਮਾਜਕ, ਆਰਥਕ, ਰਾਜਨੀਤਕ, ਅਰਥਾਤ ਸਰਬ ਪਖੋਂ ਮਨੁੱਖ ਨੂੰ ਸ੍ਰੇਸ਼ਟ ਬਨਾਉਣ ਦੇ ਜਤਨ ਵਿਚ ਸਤਿਗੁਰੂ ਜੀ ਨੂੰ ਪਤਾ ਸੀ ਕਿ ਸ਼ਰਾਬ ਤੇ ਨਸ਼ੇ ਸਦਾਚਾਰ ਦੇ ਵੈਰੀ ਹਨ। ਜਿਸ ਕੌਮ ਵਿਚੋਂ ਸਦਾਚਾਰ ਚਲਾ ਜਾਵੇ ਉਹ ਧਾਰਮਕ ਨਹੀਂ ਕਹੀ ਜਾ ਸਕਦੀ। ਸ਼ਰਾਬ ਤੇ ਨਸ਼ਿਆਂ ਨਾਲ ਭ੍ਰਿਸ਼ਟਾਚਾਰ ਦਾ ਸਿੱਧਾ ਸੰਬੰਧ ਹੈ। "ਸਚਹੁ ਓਰੈ ਸਭ ਕੋ ਉਪਰ ਸਚ ਆਚਾਰ" ਮਹਾਂਵਾਕ ਹੈ। ਕੌਮ ਦੀ ਵਡਿਆਈ ਉਸਦੇ ਸੁੱਚੇ ਸੱਚੇ ਆਚਾਰ-ਬਿਵਹਾਰ ਵਾਲੇ ਗੁਣਾਂ ਕਰਕੇ ਹੀ ਹੁੰਦੀ ਹੈ।

ਉਹ ਵੀ ਜ਼ਮਾਨਾ ਸੀ ਜਦੋਂ ਸਾਡੀ ਕੌਮ ਦੇ ਸੁੱਚੇ ਆਚਾਰ ਦਾ ਲੋਹਾ ਆਨਮਤੀ ਤੇ ਕੌਮ ਦੇ ਵੈਰੀ ਭੀ ਮੰਨਦੇ ਸਨ। ਸਿੱਖ ਦੇ ਬਚਨਾਂ ਤੇ ਦੁਸ਼ਮਨ ਭੀ ਵਿਸ਼ਵਾਸ ਕਰਦੇ ਸਨ। ਸਿੱਖ ਦੀ ਗਵਾਹੀ ਹੋਰ ਆਨਮਤੀਆਂ ਦੇ ਮੁਕਾਬਲੇ ਸਭ ਤੋਂ ਵਜ਼ਨਦਾਰ ਤੇ ਸੱਚੀ ਸਮਝੀ ਜਾਂਦੀ ਸੀ। ਅਜ ਇਕ ਸਿੱਖ ਦੂਜੇ ਸਿੱਖ ਤੇ ਵਿਸ਼ਵਾਸ ਕਰਨੋਂ ਡਰਦਾ ਹੈ। ਬਜ਼ੁਰਗ ਕਿਹਾ ਕਰਦੇ ਸਨ ਕਿ ਸ਼ਰਾਬੀ-ਕਬਾਬੀ ਨਸ਼ਈ ਤੇ ਭੁਲ ਕੇ ਭੀ ਵਿਸ਼ਵਾਸ ਨ ਕਰੋ। ਠੀਕ ਹੀ ਹੈ ਕਿ ਸ਼ਰਾਬ ਤੇ ਨਸ਼ਿਆਂ ਦੀ ਬਹੁਲਤਾ ਨੇ ਸਾਡੀ ਕੌਮ ਦੇ ਸਦਾਚਾਰ ਵਿਚ ਭਾਰੀ ਕਮੀ ਲਿਆਂਦੀ ਹੈ। ਜਿਥੋਂ ਸਦਾਚਾਰ ਜਾਵੇ ਉਥੋਂ ਵਿਸ਼ਵਾਸ ਤੇ ਫੇਰ ਜਥੇਬੰਦੀ ਵੀ ਖੇਰੂੰ ਖੇਰੂੰ ਹੋ ਜਾਂਦੀ ਹੈ।

ਪੰਥ ਪ੍ਰਕਾਸ਼ ਦੇ ਲਿਖਾਰੀ ਗਿਆਨੀ ਗਿਆਨ ਸਿੰਘ ਜੀ ਇਕ ਮੁਸਲਮਾਨ ਦੀ ਗਵਾਹੀ ਭਰਦੇ ਹੋਏ ਇਤਿਹਾਸ ਵਿਚ ਦਸਦੇ ਹਨ ਕਿ ਸਿੱਖਾਂ ਵਿਚ ਪਰਸਪਰ ਮਹਾਨ ਇਤਫ਼ਾਕ ਤੇ ਜੱਥੇਬੰਦੀ ਸੀ। ਇਕ ਸਿੱਖ ਦੂਜੇ ਸਿੱਖ ਤੋਂ ਜਾਨ ਵਾਰਦਾ ਸੀ। ਸਾਫ਼ ਹੈ ਕਿ ਉਸ ਸਮੇਂ ਸਿੱਖਾਂ ਵਿਚ ਸ਼ਰਾਬ ਤੇ ਨਸ਼ਿਆਂ ਦੀ ਵਰਤੋਂ ਦਾ ਨਾਮ ਨਿਸ਼ਾਨ ਵੀ ਨਹੀਂ ਸੀ। ਸਾਰੇ ਗੁਰੂ-ਹੁਕਮਾਂ ਦਾ ਪਾਲਣ ਕਰਨਾ ਸਿਖ ਦਾ ਫ਼ਰਜ਼ ਹੈ, ਪਰੰਤੂ ਜਿਨ੍ਹਾਂ ਹੁਕਮਾਂ ਦਾ ਸੰਬੰਧ ਸਰੀਰ ਨਾਲ ਯਾਨੀ ਖਾਣ-ਪਾਣ, ਪਹਿਰਨ, ਬੋਲ-ਚਾਲ ਤੇ ਉਪਰਲੀ ਸਰੀਰਕ ਰਹਿਤ ਬਹਿਤ ਨਾਲ ਹੈ, ਉਹ ਸਭ ਤੋਂ ਪਹਿਲਾਂ ਅਪਨਾਉਣੇ ਯੋਗ ਹਨ। ਜਿਹੜੇ ਹੁਕਮਾਂ ਨਾਲ ਅਧਿਆਤਮਕ ਜਾਂ ਆਤਮਕ ਸੰਬੰਧ ਹੈ ਜਿਸ ਤਰ੍ਹਾਂ ਬੁਰੀ ਚਿਤਵਨ, ਕਾਮਾਦਿਕ ਰੋਗਾਂ ਨਾਲ



www.AKJ.Org

ਚਿਤ ਲਾਉਣ ਤੋਂ ਬਚਣ ਦਾ ਅਭਿਆਸ ਕਰਨਾ, ਨਾਮ ਨਾਲ ਲਿਵ ਲਾਉਣੀ ਆਦਿਕ ਇਹ ਹੁਕਮ ਸਿੱਖੀ ਵਿਦਿਆਲੇ ਦੀਆਂ ਅਗਲੀਆਂ ਜਮਾਤਾਂ ਹਨ। ਜਿਹੜਾ ਵਿਦਿਆਰਥੀ ਪਹਿਲੀ ਜਮਾਤ ਨੂੰ ਛਡ ਕੇ ਜਾਂ ਪਹਿਲੀ ਜਮਾਤ ਵਿਚ ਸਿਖੀ ਪੈਂਤੀ, ਅੱਖਰ ਗਿਆਨ ਜਾਂ ਗਿਣਤੀ ਨੂੰ ਵਿਸਾਰ ਦੇਵੇ, ਕੀ ਉਹ ਅਗਲੀ ਜਮਾਤ ਦੀ ਪੜ੍ਹਾਈ ਕਰ ਸਕਦਾ ਹੈ ? ਕਦਾਚਿਤ ਨਹੀਂ ਕਰ ਸਕਦਾ। ਸੋ ਅਜ ਅਧਿਆਤਮਕ ਤੌਰ ਤੇ ਕੌਮ ਦੀ ਨਿਘਰਦੀ ਦਸ਼ਾ ਦਾ ਕਾਰਨ ਹੀ ਪਹਿਲੀ ਜਮਾਤ ਦੀ ਪੜ੍ਹਾਈ ਨੂੰ ਵਿਸਾਰਨਾ ਹੈ। ਸਾਡੀ ਕੌਮ ਦੀ ਮਾਰਸ਼ਲ ਸਪਿਰਿਟ ਤੇ ਸਦਾਚਾਰਤਾ ਦਾ ਵਡਾ ਹਿੱਸਾ ਸਾਡੇ ਲਿਹਾਜ਼ੀ, ਪੱਖਪਾਤੀ ਤੇ ਸੁਆਰਥੀ ਆਗੂਆਂ ਦੀ ਗ਼ਲਤ ਨੀਤੀ ਜੋ ਸ਼ਰਾਬ ਦਾ ਪ੍ਰਹਾਰ ਨਹੀਂ ਪ੍ਰਚਾਰ ਕਰਦੀ ਹੈ, ਕਾਰਨ ਤਬਾਹ ਹੋ ਰਿਹਾ ਹੈ।

ਧਰਮ ਪ੍ਰਚਾਰ ਕਰਨ ਵਾਲੀਆਂ ਸੰਸਥਾਵਾਂ ਜੋ ਕਿ ਧਰਮ ਪ੍ਰਚਾਰ ਦਾ ਦਮ ਭਰਦੀਆਂ ਹਨ, ਇਸ ਸਮੇਂ ਖ਼ਾਸ ਕਰ ਕੇ ਸਿੰਘ ਸਭਾ ਸ਼ਤਾਬਦੀ ਕਮੇਟੀ ਜੋ ਸਿੱਖਾਂ ਨੂੰ ਸਿੰਘ ਸਭਾਵਾਂ ਦੀ ਕਾਇਮੀ ਕਰ ਕੇ ਜਥੇਬੰਦ ਕਰਨ ਦਾ ਹੀਲਾ ਕਰ ਰਹੀ ਹੈ, ਉਹਨਾਂ ਅਗੇ ਬੇਨਤੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਸ ਚਿਤਾਵਨੀ ਨੂੰ ਯਾਦ ਰਖ ਕੇ ਸੇਵਾ ਦਾ ਉੱਦਮ ਕਰਨ। ਯਥਾ :—

"ਕਬੀਰ ਭਾਗ ਮਾਛੁਲੀ ਸੁਰਾਪਾਨਿ
ਜੋ ਜੋ ਪ੍ਰਾਨੀ ਖਾਂਹਿ।
ਤੀਰਥ ਬਰਤ ਨੇਮ ਕੀਏ,
ਤੇ ਸਭੈ ਰਸਾਤਲ ਜਾਹਿ ॥੨੩੩॥

ਸਲੋਕ ਕਬੀਰ ਜੀ

ਪ੍ਰਚਾਰ ਤੇ ਜਥੇਬੰਦੀ ਦੇ ਉੱਦਮ ਤੇ ਜਤਨ ਤਦ ਤਕ ਅਧੂਰੇ ਹੀ ਨਹੀਂ, ਬਲਕਿ ਰਸਾਤਲ ਵਿਚ ਜਾਣ ਵਾਲੇ ਜਾਂ ਨਿਸਫਲ ਹਨ ਜਦ ਤਕ ਕੌਮ ਵਿਚੋਂ ਸੁਰਾ (ਸ਼ਰਾਬ) ਆਦਿਕ ਨਸ਼ੇ ਧਾਰਮਕ ਕਾਨੂੰਨ ਪਾਸ ਕਰ ਕੇ ਨਜ਼ਾਇਜ਼ ਕਰਾਰ ਨਹੀਂ ਦਿਤੇ ਜਾਂਦੇ।

ਸੋ ਸ਼ਰਾਬ ਆਦਿਕ ਸਾਰੇ ਨਸ਼ਿਆਂ ਨੂੰ ਸਿਖ ਕੌਮ ਵਿਚੋਂ ਸਦਾ ਲਈ ਵਿਦਾ ਕਰ ਦੇਣ ਦੇ ਮਸਲੇ ਨੂੰ ਮਾਮੂਲੀ ਮਾਮਲਾ ਸਮਝ ਕੇ ਢਿੱਲ ਕਰਨੀ, ਇਨ੍ਹਾਂ ਸਾਰੀਆਂ ਸੰਸਥਾਵਾਂ ਤੇ ਆਗੂਆਂ ਦੁਆਰਾ ਕੀਤਾ ਇਕ ਵਡਾ ਗੁਨਾਹ ਸਮਝਿਆ ਜਾਵੇਗਾ। ਸਮਾਂ ਮੰਗ ਕਰ ਰਿਹਾ ਹੈ ਕਿ ਸਭ ਤੋਂ ਪਹਿਲਾਂ ਸਾਰੇ ਪੰਥ-ਸੇਵਕ ਇਸ ਸੰਬੰਧੀ ਉੱਦਮ ਕਰਨ। ਅਜ ਇਹੀ ਵੱਡਾ ਪੁੰਨ ਤੇ ਉੱਤਮ ਸੇਵਾ ਹੈ। ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ, ਚੀਫ਼ ਖ਼ਾਲਸਾ ਦੀਵਾਨ, ਅਖੰਡ ਕੀਰਤਨੀ ਤੇ ਨਿਰਬਾਣ ਕੀਰਤਨੀ ਜੱਥੇ, ਗੁਰਮਤਿ ਪ੍ਰਚਾਰਕ ਜੱਥਾ ਚੰਡੀਗੜ੍ਹ, ਗੁਰੂ ਨਾਨਕ ਸਤਿਸੰਗ ਸਭਾ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਫ਼ਾਉਂਡੇਸ਼ਨ, ਗੁਰੂ ਨਾਨਕ ਫ਼ਾਉਂਡੇਸ਼ਨ, ਹੇਮਕੁੰਟ ਮਿਸ਼ਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਿਸ਼ਨ ਟ੍ਰਸਟ, ਭਾਈ ਵੀਰ ਸਿੰਘ ਸਟੱਡੀ ਸਰਕਲ ਕਾਨਪੁਰ, ਰਾਗੀ ਗ੍ਰੰਥੀ ਪ੍ਰਚਾਰਕ ਸਭਾ, ਸਿਖ ਸਟੂਡੈਂਟ ਫ਼ੈਡਰੇਸ਼ਨ, ਦਸਮੇਸ਼ ਖ਼ਾਲਸਾ ਦਲ, ਸੰਮੂਹ ਸਿੰਘ ਸਭਾਵਾਂ ਆਦਿਕ ਦੇ ਮੈਂਬਰ, ਸੇਵਕ, ਪੰਥ ਦੇ ਸਮੂੰਹ ਵਿਦਵਾਨ ਲੇਖਕ, ਸੰਤਾਂ ਮਹਾਂ ਪੁਰਸ਼ਾਂ, ਗੁਰਮਤਿ ਪ੍ਰੇਮੀਆਂ ਨੂੰ ਬਿਨੇ ਹੈ ਕਿ ਇਸ ਲੇਖ ਬਾਰੇ ਆਪਣੀ ਰਾਇ ਵੀਚਾਰ ਜਾਂ ਲੇਖ ਐਡੀਟਰ "ਸੂਰਾ", ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਨੂੰ ਭੇਜ ਕੇ ਧੰਨਵਾਦੀ ਬਣਾਉਣ। ਸਿੰਘ ਸਭਾ ਸ਼ਤਾਬਦੀ ਕਮੇਟੀ ੧੩ ਤੋਂ ੧੬ ਸਤੰਬਰ ੧੯੭੪ ਵਿਚ ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੰਮੇਲਨ ਕਰ ਰਹੀ ਹੈ। ਕਮੇਟੀ ਅੱਗੇ ਬਿਨੈ ਹੈ ਕਿ ਉਸ ਨੇ ਭਾਵੇਂ ਸੰਮੇਲਨ ਲਈ ਮਜ਼ਮੂਨ ਚੁਣ ਲਏ ਹਨ ਪਰੰਤੂ ਜੇਕਰ ਇਸ ਲੇਖ ਦੇ ਵਿਸ਼ੇ ਤੇ ਵੀ ਇਕ ਉਚਿਤ ਫ਼ੈਸਲਾ ਕਰ ਦਿੱਤਾ ਜਾਵੇ ਤਾਂ ਇਹ ਸਿੰਘ ਸਭਾ ਸ਼ਤਾਬਦੀ ਕਮੇਟੀ ਦਾ ਉੱਤਮ ਪ੍ਰਚਾਰ ਹੋਵੇਗਾ। ਸਮੂੰਹ ਪੰਥ ਹਿਤੈਸ਼ੀਆਂ ਨੂੰ "ਹੋਇ ਇਕਤ੍ਰ ਮਿਲਹੁ ਮੇਰੇ ਭਾਈ" ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਗੁਰਮਤਾ ਪਾਸ ਕਰ ਕੇ ਪੰਜਾ ਪਿਆਰਿਆਂ ਦੁਆਰਾ ਅਰਦਾਸਾ ਸੁਧਾ ਕੇ ਤੰਮਾਕੂ ਵਾਲੀ ਕੁਰਹਿਤ ਨਾਲ ਇਹ ਉਚਿਤ ਸ਼ਬਦ ਜੋੜ ਕੇ ਪੰਥ ਵਿਚ ਐਲਾਨ ਕਰ ਦੇਣਾ ਚਾਹੀਦਾ ਹੈ ਕਿ "ਤੰਮਾਕੂ ਸ਼ਰਾਬ......ਆਦਿਕ ਕੋਈ ਨਸ਼ਾ ਵਰਤਣ ਵਾਲਾ ਸਿੱਖ ਸਿੱਖੀ ਤੋਂ ਪਤਿਤ ਹੋ ਜਾਂਦਾ ਹੈ।" ਇਸ ਤਰ੍ਹਾਂ ਸਿੰਘ ਸਾਹਿਬ ਵਲੋਂ ਪਾਈ ਗਈ ਦੁਬਿਧਾ ਪੰਥ ਵਿਚੋਂ ਦੂਰ ਕਰ ਦੇਣੀ ਬਹੁਤ ਜ਼ਰੂਰੀ ਹੈ।

---

**'ਸੂਰਾ' ਦੇ ਚੰਦੇ**—ਸੂਰਾ ਮਾਸਕ ਪੱਤਰ ਦੇ ਚੰਦੇ ਹੇਠ ਲਿਖੇ ਪਤੇ ਤੇ ਮਨੀਆਰਡਰ ਭੇਜ ਕੇ ਧੰਨਵਾਦੀ ਬਣਾਓ।
ਮੈਨੇਜਰ 'ਸੂਰਾ', ਮਾਰਫ਼ਤ ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।



www.AKJ.Org

# ਭੰਗਾਣੀ ਦਾ ਜੁੱਧ—ਉਦਾਸੀ ਮਹੰਤ ਕਿਰਪਾਲ ਦੀ ਜ਼ਬਾਨੀ

## [ ਤੀਜੀ ਆਖ਼ਰੀ ਕਿਸ਼ਤ ]

[ ਵਲੋਂ :— ਪ੍ਰਿੰਸੀਪਲ ਸੁਜਾਨ ਸਿੰਘ ਜੀ ]

ਮਹੰਤ ਕਿਰਪਾਲ ਜੀ ਨੇ ਸੰਗਤਾਂ ਨੂੰ ਜੁੱਧ ਦਾ ਪਰਸੰਗ ਸੁਣਾਂਦਿਆਂ ਅਗਾਂਹ ਦਸਣਾ ਸ਼ੁਰੂ ਕੀਤਾ—

"ਸਤਿਗੁਰੂ, ਜੋ ਚਲਦੀਆਂ ਗੋਲੀਆਂ ਤੇ ਤੀਰਾਂ ਵਿਚ ਨਿਰਭੈ ਖੜੇ ਜੰਗ ਦੇ ਹਰ ਖ਼ਤਰੇ ਨੂੰ ਵਾਚ ਰਹੇ ਸਨ ਤੇ ਲੋੜੀਂਦੀਆਂ ਥਾਵਾਂ ਤੇ ਕੁਮਕਾਂ ਭੇਜ ਰਹੇ ਸਨ, ਮੇਰੇ ਵੱਲ ਤੱਕ ਕੇ ਹੱਸੇ ਤੇ ਫ਼ੁਰਮਾਇਆ, 'ਤੁਸੀਂ ਗੁਰੂ ਨਾਨਕ ਦੇ ਘਰ ਦੇ ਲਾਡਲੇ ਹੋ, ਤੁਸੀਂ ਪ੍ਰਭੂ ਨੂੰ ਪਿਆਰੇ ਹੋ। ਤੁਹਾਡਾ ਕੰਮ ਵਰ ਦੇਣਾ ਹੈ । ਤੁਸਾਂ ਸਾਨੂੰ ਜਿੱਤ ਦਾ ਵਰ੍ਹ ਦਿੱਤਾ ਹੈ। ਕੀ ਇਹ ਹੀ ਕਾਫ਼ੀ ਨਹੀਂ ?'

"ਕੀਟ ਨੇ ਉੱਤਰ ਦਿੱਤਾ, 'ਪ੍ਰਭੂ ਜੀ, ਜੰਗ ਵਿਚ ਤੁਹਾਡੇ ਕੋਲ ਖੜਾ ਮੈਂ ਇਸ ਨਿਮਕ-ਹਰਾਮ ਨੂੰ ਤੁਹਾਡੇ ਦਲ ਅੱਗੇ ਅੜਦਾ ਸਹਾਰ ਨਹੀਂ ਸਕਦਾ। ਸ਼ਤਰੂ ਦਾ ਜ਼ੋਰ ਪੈਂਦਾ ਮੈਂ ਦੇਖ ਨਹੀਂ ਸਕਦਾ।'

"ਜਦ ਕਲਗੀਧਰ ਜੀ ਨੇ ਮੇਰੀ ਇਹ ਬੇਨਤੀ ਸੁਣੀ ਤਾਂ ਉਨ੍ਹਾਂ ਦੇ ਚਿਹਰੇ ਤੇ ਮਿਹਰ ਪ੍ਰਸੰਨਤਾ ਬਣ ਕੇ ਖਿੜ ਉਠੀ। ਪਰ ਫੇਰ ਵੀ ਉਨ੍ਹਾਂ ਹੱਸ ਕੇ ਪੁੱਛਿਆ, 'ਮਹੰਤ ਜੀ, ਤੁਹਾਡੇ ਕੋਲ ਤਾਂ ਸ਼ਸਤਰ ਵੀ ਕੋਈ ਨਹੀਂ। ਕਾਹਦੇ ਨਾਲ ਹਯਾਤ ਨੂੰ ਮਾਰੋਗੇ ?"

"ਤਾਂ ਮੈਂ ਅੰਦਰੋਂ ਨਿਰਮਾਣ ਹੋ ਕੇ ਕਿਰਪਾ ਨਿਧਾਨ ਤੇ ਸ੍ਰੀ ਕਿਰਪਾਲ ਜੀ ਵੱਲ, ਜੋ ਲਾਗੇ ਖੜੇ ਸਨ, ਤੱਕ ਕੇ ਜੋਸ਼ੀਲੀ ਬੇਨਤੀ ਕੀਤੀ, 'ਗਰੀਬ-ਨਿਵਾਜ, ਇਹ ਕੁਤਕਾ ਮੇਰੇ ਮੋਢੇ ਤੇ ਕਾਹਦੇ ਲਈ ਹੈ ? ਤੁਹਾਥੋਂ ਬਲ ਪ੍ਰਾਪਤ ਕਰ ਕੇ ਮੈਂ ਰਤਾ ਨਹੀਂ ਡਰਾਂਗਾ ਅਤੇ ਨਿਸਚੇ ਹੀ ਉਸ ਨੂੰ ਮਾਰਾਂਗਾ, ਭਾਵੇਂ ਉਹ ਜਿੰਨਾ ਭੱਜਣਾ ਹੈ ਭਜ ਲਵੇ।'

"ਧੀਰ ਵੀਰ ਸ੍ਰੀ ਕਿਰਪਾਲ ਜੀ ਨੇ ਆਪਣੇ ਨਾਮ ਦੀ ਲਾਜ ਰੱਖੀ ਤੇ ਮੇਰੀ ਸਿਫ਼ਾਰਸ਼ ਕੀਤੀ, 'ਮਹਾਰਾਜ, ਮਹੰਤਾਂ ਵਿਚ ਤਪ ਤੇ ਬ੍ਰਹਮਚਰਜ ਦਾ ਬਲ ਹੈ। ਇਹ ਤਰਲੇ ਲੈ ਰਹੇ ਹਨ। ਗੁਰੂ ਦੇਵ ! ਇਨ੍ਹਾਂ ਨੂੰ ਆਗਿਆ ਬਖ਼ਸ਼ੋ ਤੇ ਇਨ੍ਹਾਂ ਦਾ ਪਠਾਣਾਂ ਨਾਲ ਜੁੱਧ ਦੇਖੋ।'

"ਸਤਿਗੁਰਾਂ ਇਸ ਕੀਟ ਨੂੰ ਅਸੀਸ ਦਿੱਤੀ, 'ਜਾਓ ਮਹੰਤ ਜੀ, ਗੁਰੂ ਨਾਨਕ ਦੀ ਗੱਦੀ ਆਪਣੀ ਆਸਥਾ ਦੀ ਸਹਾਈ ਹੋਵੇ। ਤੁਹਾਡੇ ਕੁਤਕੇ ਦਾ ਵਾਰ ਭੀਮ ਦੀ ਗੱਦਾ ਦੇ ਵਾਰ ਵਾਂਗ ਪਰਸਿੱਧ ਹੋਵੇ।'

"ਗੁਰਦੇਵ ਦੇ ਵਾਕ ਸੁਣ ਕੇ ਮੈਨੂੰ ਬੜੀ ਖ਼ੁਸ਼ੀ ਹੋਈ। ਮੈਂ ਘੋੜਾ ਤੇਜ਼ ਕੀਤਾ। ਹੋਰ ਪਠਾਣ ਤਾਂ ਸ਼ਾਇਦ ਮੇਰਾ ਕੱਦ ਬੁਤ, ਜਟਾ, ਭਸਮ, ਵੱਡਾ ਦਾਹੜਾ ਦੇਖ ਕੇ ਹੀ ਡਰ ਗਏ। ਕੀਟ ਨੇ ਹਯਾਤ ਨੂੰ ਵੰਗਾਰਿਆ, ਇਧਰ ਆ, ਨਿਮਕ-ਹਰਾਮ ! ਕਿਧਰ ਜਾਂਦਾ ਹੈਂ ? ਤੂੰ ਸਾਡੇ ਦਲ ਦਾ ਬੜਾ ਨੁਕਸਾਨ ਕੀਤਾ ਹੈ । ਸਾਹਮਣੇ ਆ ਤੇ ਮੇਰੇ ਨਾਲ ਜੁੱਧ ਕਰ।'

"ਲਲਕਾਰਦਿਆਂ ਹੀ ਹਯਾਤ ਪਿਛੇ ਮੁੜਿਆ ਤੇ ਗੁੱਸੇ ਨਾਲ ਉਸ ਆਪਣੀ ਤਲਵਾਰ ਖਿੱਚੀ। ਸਤਿਗੁਰੂ ਦੇ ਬਚਨਾਂ ਨੇ ਮੇਰੇ ਅੰਦਰ ਬੜਾ ਧੀਰਜ ਤੇ ਦਲੇਰੀ ਭਰ ਦਿਤੀ ਸੀ। ਹਯਾਤ ਨੇ ਘੋੜਾ ਤੇਜ਼ ਕੀਤਾ। ਤੇ ਲਾਗੇ ਆ ਕੇ ਸਾਰੇ ਜ਼ੋਰ ਨਾਲ ਤਲਵਾਰ ਦਾ ਵਾਰ ਮੇਰੇ ਤੇ ਝਾੜਿਆ। ਕੀਟ ਨੇ ਕੁਤਕਾ ਅਗੇ ਕਰ ਦਿਤਾ। ਗੁਰੂ ਕਿਰਪਾ ਨਾਲ ਤਲਵਾਰ ਕੁਤਕੇ ਤੇ ਵੱਜ ਕੇ ਟੁੱਟ ਗਈ । ਹਯਾਤ ਹਾਲੀ ਘੋੜੇ ਨੂੰ ਸੰਭਾਲਦਾ ਹੀ ਸੀ ਕਿ ਮੈਂ ਘੋੜੇ ਦੀ ਲਗਾਮ ਛੱਡ ਕੇ ਰਕਾਬਾਂ ਵਿਚ ਖੜੋ ਕੇ ਦੋਹਾਂ ਹੱਥਾਂ ਦੇ ਜ਼ੋਰ ਨਾਲ ਕੁਤਕਾ ਚਲਾਇਆ, ਜੋ ਠੀਕ ਉਸ ਦੇ ਸਿਰ ਵਿਚ ਬੈਠਾ। ਉਸ ਦਾ ਸਿਰ ਖਖੜੀ ਵਾਂਗ ਪਾਟ ਗਿਆ । ਉਧਰ ਹਯਾਤ ਆਪਣੇ ਘੋੜੇ ਤੋਂ ਉੱਲਰ ਕੇ ਡਿਗਾ, ਉਧਰ ਲਗਾਮਾਂ ਛੁਟਣ ਤੇ ਵਾਰ ਦੇ ਹੁਲਾਰੇ ਨਾਲ ਕੀਟ ਵੀ ਥੱਲੇ ਡਿਗ ਪਿਆ, ਪਰ ਝਟ ਹੀ ਪੈਰਾਂ ਤੇ ਖੜੋ ਗਿਆ। ਮੇਰਾ ਘੋੜਾ ਇਕ ਪਠਾਣ ਨੇ ਫੜ ਲਿਆ, ਪਰ ਘੋੜੇ ਨੇ ਉਸ ਨੂੰ ਦੁਲੱਤੇ ਮਾਰ ਕੇ ਡੇਗ ਲਿਆ। ਇੰਨੇ ਨੂੰ ਇਕ ਹੋਰ ਸਵਾਰ ਮੇਰੇ ਤੇ ਝਪਟਿਆ। ਉਸ ਦੇ ਵਾਰ ਤੋਂ ਪਹਿਲਾਂ ਹੀ ਮੇਰਾ ਕੁਤਕਾ ਚੱਲ ਗਿਆ ਤੇ ਉਹ ਵੀ ਡਿਗ ਕੇ ਭੋਂ ਤੇ ਲੇਟ ਗਿਆ। ਮੈਂ ਪਲਾਕੀ ਮਾਰ ਕੇ ਘੋੜੇ ਤੇ ਚੜ੍ਹ ਬੈਠਾ, ਪਰ ਪਠਾਣਾਂ ਮੈਨੂੰ ਘੇਰ ਲਿਆ।



www.AKJ.Org

ਸਤਿਗੁਰਾਂ ਤਦ ਤਕ ਸ੍ਰੀ ਜੀਤ ਮਲ ਨੂੰ ਮੇਰੀ ਸਹਾਇਤਾ ਲਈ ਭੇਜ ਦਿਤਾ ਸੀ। ਉਨ੍ਹਾਂ ਤੀਰ ਮਾਰ ਮਾਰ ਕੇ ਘੇਰਾ ਤੋੜ ਦਿਤਾ ਤੇ ਮੈਨੂੰ ਬਚਾ ਲਿਆ। ਅੱਤ ਨਿਰਾਸ਼ ਹੋਏ ਪਠਾਣਾਂ ਨੇ ਕੁਝ ਚਿਰ ਭਿਆਨਕ ਜੁੱਧ ਕੀਤਾ, ਪਰ ਸ੍ਰੀ ਸੰਗੋਸ਼ਾਹ ਤੇ ਜੀਤ ਮੱਲ ਦੇ ਦਸਤਿਆਂ ਨੇ ਉਨ੍ਹਾਂ ਨੂੰ ਮਾਰ ਮਾਰ ਕ ਪਿਛੇ ਹਟਾ ਦਿਤਾ। ਇਸ ਕੰਮ ਵਿਚ ਸਿੱਖ ਸੈਨਾ ਦਾ ਵੀ ਚੋਖਾ ਨੁਕਸਾਨ ਹੋਇਆ।

"ਚੁਨਾਰ ਗੜ੍ਹ ਦਾ ਰਾਮਾ ਤਰਖਾਣ ਇਕ ਤੀਖਣ ਬੁੱਧੀ ਸਿੱਖ ਸੀ। ਉਸ ਨੇ ਕਾਲੀ ਟਾਹਲੀ ਦੇ ਤਣੇ ਨੂੰ ਉੱਕਰ ਕੇ ਤੇ ਖੋਦ ਕੇ ਇਕ ਤੋਪ ਬਣਾਈ ਸੀ। ਉਹ ਪਹੀਆਂ ਵਾਲੀ ਗੱਡੀ ਤੇ ਲਿਆ ਕੇ ਉਚੇ ਥਾਂ ਇਉਂ ਰੱਖੀ ਸੀ ਕਿ ਦੁਸ਼ਮਨ ਨੂੰ ਦਿਸਦੀ ਨਹੀਂ ਸੀ। ਬਰੂਦ ਠੋਕ ਕੇ ਤੇ ਪੱਥਰ ਦਾ ਗੋਲਾ ਭਰ ਕੇ ਉਹ ਤਿਆਰ ਕੀਤੀ ਹੋਈ ਸੀ। ਸਾਹਿਬਾਂ ਤੋਂ ਹੁਕਮ ਪਾ ਕੇ ਭਾਈ ਰਾਮੇ ਨੇ ਵਿਚਲੇ ਮੋਰਚੇ ਦਾ ਨਿਸ਼ਾਨਾ ਬੰਨ੍ਹ ਕੇ ਇਸ ਦਾ ਤੋੜਾ ਦਾਗ ਦਿਤਾ। ਉਸ ਦੇ ਚੱਲਣ ਤੇ ਭਿਆਨਕ ਗਰਜ ਉੱਠੀ ਤੇ ਗੋਲਾ ਜਿੱਥੇ ਬਹੁਤ ਸਵਾਰ ਇਕੱਠੇ ਹੋਏ ਸਨ, ਉਥੇ ਪਿਆ। ਇਕ ਸਵਾਰ ਤੇ ਘੋੜਾ ਮਾਰ ਕੇ ਉਸ ਕਈਆਂ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਕੀਤਾ। ਦੁਸ਼ਮਣ ਦੇ ਕਈ ਦਸਤੇ ਉੱਠ ਭਜੇ, ਪਰ ਫ਼ਤਿਹ ਸ਼ਾਹ ਨੇ ਤਾਜ਼ਾ-ਦਮ ਦਸਤੇ ਅਗੇ ਭੇਜ ਦਿਤੇ, ਜਿਸ ਨਾਲ ਪਹਿਲੀ ਫ਼ੌਜ ਤੇ ਪਠਾਣਾਂ ਦੇ ਹੌਸਲੇ ਫੇਰ ਵਧ ਗਏ। ਉਨ੍ਹਾਂ ਨੇ ਫੇਰ ਸ੍ਰੀ ਸੰਗੋਸ਼ਾਹ, ਜੀਤ ਮੱਲ, ਆਦਿ ਭਰਾਵਾਂ ਦੇ ਮੋਰਚੇ ਨੂੰ ਤੋੜਨ ਲਈ ਹਮਲਾ ਕਰ ਦਿਤਾ। ਬੜੀ ਧੂੜ ਉੱਡੀ, ਨਗਾਰੇ ਵੱਜੇ, ਬੰਦੂਕਾਂ ਕੜਕੀਆਂ ਤੇ ਉਨ੍ਹਾਂ ਦੇ ਧੂੰਏਂ ਪੇਚ ਖਾਂਦੇ ਉਪਰ ਉੱਠੇ। ਇਹ ਹਮਲਾ ਦੇਖ ਕੇ ਗੁਰੂ ਜੀ ਦੇ ਵੱਡੇ ਬੀਰਾਂ ਵਿਚੋਂ ਸਾਹਿਬ ਚੰਦ ਨੇ ਬੇਨਤੀ ਕੀਤੀ, 'ਸਤਿਗੁਰੂ ਜੀ, ਵੈਰੀ ਦਲ ਉਮਡਿਆ ਆ ਰਿਹਾ ਹੈ ਅਤੇ ਸ੍ਰੀ ਸੰਗੋਸ਼ਾਹ ਅਤੇ ਭਰਾਵਾਂ ਦੀ ਅਗਵਾਈ ਵਿਚ ਇਸ ਤਾਜ਼ਾ-ਦਮ ਫ਼ੌਜ ਨਾਲ ਮੁਕਾਬਲਾ ਜਾਰੀ ਹੈ, ਪਰ ਦੁਸ਼ਮਨ ਨੇ ਗੋਲੀਆਂ, ਤੀਰਾਂ ਤੇ ਭਾਲਿਆਂ ਨਾਲ ਬਹੁਤ ਮਾਰ ਮਚਾਈ ਹੋਈ ਹੈ।'

"ਸਤਿਗੁਰਾਂ ਫ਼ੁਰਮਾਇਆ, 'ਸਾਹਿਬ ਚੰਦ ਜੀ, ਤੁਸੀਂ ਤਾਜ਼ਾ-ਦਮ ਜੋਧਿਆਂ ਦੀ ਕੁਮਕ ਲੈ ਕੇ ਪਹੁੰਚੋ ਤੇ ਬੰਦੂਕਾਂ ਨਾਲ ਹਮਲਾ ਕਰ ਕੇ ਵਧੇ ਆਉਂਦਿਆਂ ਨੂੰ ਰਣ ਵਿਚ ਡੇਗ ਲਵੋ।'

"ਆਗਿਆ ਪਾ ਕੇ ਸਾਹਿਬ ਚੰਦ ਅੱਗੇ ਵਧਿਆ। ਉਸ ਦੇ ਤਾਜ਼ਾ-ਦਮ ਸਿੱਖ ਸੈਨਕਾਂ ਨੇ ਤੜਾ-ਤੜ ਤੁਪਕਾਂ ਚਲਾ ਕੇ ਨਵੇਂ ਹੱਲੇ ਨੂੰ ਡੱਕਾ ਪਾ ਦਿੱਤਾ। ਪਰਤਵੇਂ ਹੱਲੇ ਨਾਲ ਪਠਾਣਾਂ ਤੇ ਰਾਜਿਆਂ ਦੀ ਸੈਨਾ ਪਿਛੇ ਹਟਣ ਲੱਗੀ। ਭੀਖਣ ਖ਼ਾਨ ਨੇ ਜਦ ਦੇਖਿਆ ਕਿ ਪਠਾਣਾਂ ਨੇ ਨੱਸਣਾ ਸ਼ੁਰੂ ਕਰ ਦਿਤਾ ਹੈ ਅਤੇ ਗੁਰੂ ਦਾ ਦਲ ਹੜ੍ਹ ਵਾਂਗ ਚੜ੍ਹਿਆ ਆ ਰਿਹਾ ਹੈ ਤਾਂ ਉਸ ਨੇ ਉਨ੍ਹਾਂ ਨੂੰ ਵੰਗਾਰਿਆ, 'ਓਏ ਗੀਦੀਓ! ਕਿਧਰ ਭਜੇ ਜਾਂਦੇ ਹੋ? ਜ਼ਰਾ ਪਠਾਣ ਕੌਮ ਦੀ ਆਨ ਦਾ ਤੇ ਧਿਆਨ ਕਰੋ। ਗੁਰੂ ਦੀ ਫ਼ੌਜ ਤੇ ਫੇਰ ਇਕੱਠੇ ਹੋ ਕੇ ਹਮਲਾ ਕਰੋ। ਓਏ! ਜੀਊਂਦੇ-ਜੀ ਕਿਉਂ ਮਰਦੇ ਹੋ? ਤੁਸੀਂ ਇਹੋ ਜਹੀ ਵਣ ਵਣ ਦੀ ਲੱਕੜੀ ਤੋਂ ਹਾਰ ਜਾਓਗੇ? ਪਹਾੜੀਏ ਵੀ ਤੁਹਾਡੇ ਤੇ ਹੱਸਣਗੇ। ਅੱਗੇ ਇਕ ਮਮੂਲੀ ਸਾਧ ਨੇ ਤੁਹਾਡੇ ਸਰਦਾਰ ਨੂੰ ਮਾਰ ਲਿਆ ਹੈ। ਹੁਣ ਤੁਸੀਂ ਹੋਰ ਮਖੌਲ ਕਰਾਉਣੇ ਜੇ?'

"ਆਪਣੇ ਸਾਥੀਆਂ ਨੂੰ ਹੌਸਲਾ ਦੇਣ ਲਈ ਨਿਜਾਬਤ ਖ਼ਾਨ ਨੂੰ ਨਾਲ ਲੈ ਕੇ ਭੀਖਨ ਖ਼ਾਨ ਘੋੜੇ ਨੂੰ ਚੰਭਲਾਉਂਦਾ ਅਗੇ ਵਧਿਆ। ਪਠਾਣ ਵੀ ਮੁੜ ਕੇ ਅਗਾਂਹ ਵਧੇ। ਨਿਜਾਬਤ ਤੇ ਭੀਖਨ ਸੰਨ੍ਹ ਸੰਨ੍ਹ ਕੇ ਤੀਰ ਚਲਾਉਣ ਲੱਗੇ ਤੇ ਕਈ ਜੋਧਿਆਂ ਨੂੰ ਡੇਗ ਲਿਆ। ਸਾਹਿਬ ਚੰਦ, ਖ਼ਾਨਾਂ ਦੇ ਭਜੇ ਹੋਏ ਦਲ ਨੂੰ ਮੁੜ ਭਿਆਨਕ ਜੁਧ ਕਰਦਿਆਂ ਦੇਖ ਕੇ ਫੇਰ ਵਧਿਆ ਤੇ ਉਹ ਤੀਖਣ ਤੀਰ ਚਲਾਏ ਕਿ ਪਠਾਣ ਸਵਾਰ ਪੈਰਾਂ ਵਿਚ ਰੁਲਣ ਲੱਗੇ। ਦੋਹਾਂ ਪਾਸਿਓਂ ਡਟਵਾਂ ਜੁੱਧ ਹੁੰਦਾ ਦੇਖ ਕੇ ਹਰੀ ਚੰਦ ਹੰਡੂਰੀਏ ਨੂੰ ਬੜਾ ਕ੍ਰੋਧ ਆਇਆ। ਧਨੁਸ਼-ਵਿਦਿਆ ਵਿਚ ਉਹ ਨਿਪੁੰਨ ਸੀ। ਉਸ ਨੇ ਖਿੱਚ ਖਿੱਚ ਕੇ ਤੀਰ ਵਰ੍ਹਾਏ ਤੇ ਗੁਰੂ ਜੀ ਦੇ ਦਲ ਨੂੰ ਹਿਲਾ ਦਿਤਾ। ਉਸ ਨੇ ਕਈ ਘੋੜੇ ਅਤੇ ਸਵਾਰ ਸੁੱਟ ਲਏ। ਭੀਖਨ ਖ਼ਾਨ ਇਸ ਤੀਖਣ ਜੁੱਧ ਨੂੰ ਦੇਖ ਕੇ ਖ਼ੁਸ਼ ਹੋਇਆ। ਉਸ ਨੇ ਹਰੀ ਚੰਦ ਦੀ ਤੀਰ-ਅੰਦਾਜ਼ੀ ਦੀ ਲਾਗੇ ਜਾ ਕੇ ਸਿਫਤ ਕੀਤੀ। ਲੜਾਈ ਦੀ ਇਹ ਦਸ਼ਾ ਦੇਖ ਕੇ ਸਾਹਿਬ ਚੰਦ ਨੇ ਵਧ ਵਧ ਕੇ ਤੀਰ ਚਲਾਏ,



www.AKJ.Org

ਪਰ ਫੇਰ ਵੀ ਸਿੱਖ-ਸੈਨਾ ਖਲੋ ਨਾ ਸਕੀ । ਜੰਗ ਦੀ ਹਾਲਤ ਦਿਖਾ ਕੇ ਗੁਰੂ ਜੀ ਨੇ ਨੰਦ ਚੰਦ ਨੂੰ ਕਿਹਾ, 'ਦੀਵਾਨ ਜੀ, ਹਰੀ ਚੰਦ, ਨਿਜਾਬਤ ਖ਼ਾਨ, ਤੇ ਭੀਖਣ ਖ਼ਾਨ ਓੜਕਾਂ ਦਾ ਜੁੱਧ ਕਰ ਰਹੇ ਹਨ । ਸਾਹਿਬ ਚੰਦ ਬੜੀ ਬੀਰਤਾ ਨਾਲ ਲੜ ਰਹੇ ਹਨ, ਪਰ ਫਿਰ ਵੀ ਉਨ੍ਹਾਂ ਦਾ ਵੱਸ ਨਹੀਂ ਚੱਲ ਰਿਹਾ । ਤੁਸੀਂ ਤੇ ਦਯਾ ਰਾਮ ਜੀ ਹੋਰ ਤਾਜ਼ਾ-ਦਮ ਜੱਥਾ ਲੈ ਕੇ ਜਾਵੋ ਤੇ ਪਠਾਣਾਂ ਦੇ ਵਧ ਰਹੇ ਦਲ ਨੂੰ ਮਾਰ ਕੇ ਰੋਕ ਦਿਓ ।'

"ਇਹ ਸੁਣ ਕੇ ਦੋਵੇਂ ਸੂਰਮੇ ਘੋੜੇ ਦੁੜਾਉਂਦੇ ਤਾਜ਼ਾ-ਸਾਹ ਜੱਥੇ ਲੈ ਕੇ ਘਾਟੇ ਤੋਂ ਉਤਰ ਕੇ ਪਠਾਣਾਂ ਦੇ ਸਾਹਮਣੇ ਆ ਡਟੇ । ਨੰਦ ਚੰਦ ਬਹਾਦਰ ਪਠਾਣਾਂ ਦੇ 'ਮਾਰੋ ਮਾਰੋ' ਦੇ ਸ਼ੋਰ ਨੂੰ ਸਹਾਰ ਨਾ ਸਕੇ । ਉਹ ਬਰਛਾ ਲੈ ਕੇ ਤਿਖੇ ਘੋੜੇ ਨੂੰ ਕੁਦਾ ਕੇ ਅਗੇ ਵਧੇ ਅਤੇ ਬਹੁਤ ਅਗੇ ਵਧ ਆਏ ਇਕ ਪਠਾਣ ਦੇ ਵਿਚੋਂ ਬਰਛਾ ਇਉਂ ਲੰਘਾ ਦਿਤਾ ਜਿਵੇਂ ਤਲੇ ਹੋਏ ਵੜੇ ਨੂੰ ਪਰੋਣ ਲਈ ਸੀਖ ਦੁਸਾਰ-ਪਾਰ ਕਰ ਦਈਦੀ ਹੈ । ਪਠਾਣਾਂ ਨੇ ਜਦ ਉਨ੍ਹਾਂ ਨੂੰ ਘੇਰਨ ਦਾ ਜਤਨ ਕੀਤਾ ਤਾਂ ਉਨ੍ਹਾਂ ਨੇ ਮਿਆਨ ਵਿਚੋਂ ਆਪਣੀ ਖੜਗ ਖਿਚ ਕੇ ਇਕ ਹੋਰ ਪਠਾਣ ਦਾ ਸਿਰ ਚੱਕ ਤੋਂ ਟਿੰਡ ਵਾਂਗ ਲਾਹ ਕੇ ਸੁੱਟ ਦਿਤਾ। ਤੀਜੇ ਤੇ ਵਾਰ ਕਰ ਕੇ ਉਸ ਨੂੰ ਵੀ ਉਲਟਾ ਦਿੱਤਾ। ਚੌਥੇ ਤੇ ਵਾਰ ਕੀਤਾ ਤਾਂ ਉਸ ਨੇ ਜੀ-ਭਿਆਣੇ ਤੁਪਕ ਅਗੇ ਕਰ ਦਿਤੀ, ਜਿਸ ਨਾਲ ਵੱਜ ਕੇ ਖੜਗ ਟੁੱਟ ਗਈ । ਤਾਂ ਨੰਦ ਚੰਦ ਜੀ ਨੇ ਤਿੰਨਾਂ ਅਣੀਆਂ ਵਾਲੀ ਜਮਦਾੜ੍ਹ ਕੱਢ ਲਈ ਤੇ ਘੋੜੇ ਤੋਂ ਉਤਰ ਕੇ ਇਕ ਪਠਾਣ ਦੇ ਪੇਟ ਵਿਚ ਧਸਾ ਦਿਤੀ । ਇੰਨੇ ਨੂੰ ਪ੍ਰੋਹਤ ਦਯਾਰਾਮ ਜੋਧਿਆਂ ਸਮੇਤ ਕਟਾ ਵੱਢਾ ਕਰਦਾ ਉਥੇ ਪਹੁੰਚ ਗਿਆ ਅਤੇ ਵੰਗਾਰ ਵੰਗਾਰ ਪਠਾਣਾਂ ਨੂੰ ਮਾਰਿਆ ਅਤੇ ਵਧੇ ਆ ਰਹੇ ਪਠਾਣਾਂ ਤੋਂ ਮੈਦਾਨ ਖੋਹ ਲਿਆ ।

"ਹੁਣ ਹਰੀ ਚੰਦ ਇਥੋਂ ਹਟ ਕੇ ਉਥੇ ਪਹੁੰਚਿਆ ਜਿਥੇ ਸੰਗੋਸ਼ਾਹ, ਜੀਤਮਲ, ਆਦਿ ਕਰੜਾ ਜੁੱਧ ਮਚਾ ਰਹੇ ਸਨ । ਸੰਗੋਸ਼ਾਹ ਨੇ ਹੰਡੂਰੀਏ ਨੂੰ ਆਉਂਦਿਆਂ ਦੇਖਿਆ । ਸੰਗੋਸ਼ਾਹ ਜੀ ਨੇ ਤਿੱਖੇ ਤੀਰ ਕੱਢੇ ਤੇ ਕਮਾਨ ਦੀ ਡੋਰੀ ਨੂੰ ਕੰਨ ਤਕ ਖਿੱਚ ਖਿੱਚ ਕੇ ਹਰੀ ਚੰਦ ਤੇ ਚਲਾਏ । ਹਰੀ ਚੰਦ ਘੋੜੇ ਨੂੰ ਇਧਰ ਉਧਰ ਟਪਾ-ਨਚਾ ਕੇ ਬਚ ਗਿਆ, ਪਰ ਉਸ ਦੇ ਪਿੱਛੇ ਜੋ ਪਹਾੜੀ ਜੋਧੇ ਸਨ ਉਨ੍ਹਾਂ ਨੂੰ ਇਹ ਤੀਰ ਲੱਗੇ ਅਤੇ ਉਹ ਡਾਢੇ ਫਟੜ ਹੋ ਕੇ ਡਿਗ ਪਏ। ਇਸ ਥਾਂ ਇਹ ਦੋਵੇਂ ਜੋਧੇ ਆਮੋ ਸਾਹਮਣੇ ਡੱਟ ਗਏ । ਉਧਰ ਮਧੁਕਰ ਸ਼ਾਹ ਆਪਣੀ ਸੈਨਾ ਲੈ ਕੇ ਆਇਆ । ਦਯਾ ਰਾਮ ਗੁਰੂ ਜੀ ਦੇ ਦਲ ਨੂੰ ਲੈ ਕੇ ਸਾਹਮਣੇ ਹੋਇਆ । ਦੂਰ ਦੂਰ ਤਕ ਲੜਾਈ ਹੋ ਰਹੀ ਸੀ । ਬੰਦੂਕਚੀ ਦਸਤੰ-ਰਵਾਂ ਕਰ ਕੇ ਛੇਤੀ ਛੇਤੀ ਗੋਲੀਆਂ ਚਲਾਉਂਦੇ ਸਨ । ਧੁਖਦੇ ਪਲੀਤੇ ਉਨ੍ਹਾਂ ਦੇ ਹੱਥਾਂ ਵਿਚ ਸਨ । ਤੀਰਾਂ ਤੇ ਨੇਜ਼ਿਆਂ ਦੀ ਲੜਾਈ ਰੁਕਦੀ ਸੀ ਤਾਂ ਤਲਵਾਰਾਂ, ਤੇਗਿਆਂ ਤੇ ਖੰਡਿਆਂ ਦੀ ਸ਼ੁਰੂ ਹੋ ਜਾਂਦੀ ਸੀ ।

"ਫ਼ਤਿਹ ਸ਼ਾਹ ਲੜਾਈ ਤੋਂ ਹਟਵਾਂ ਭੱਜਿਆਂ ਜਾਂਦਿਆਂ ਨੂੰ ਰੋਕਣ ਤੇ ਲਗਾ ਹੋਇਆ ਸੀ । ਇਧਰ ਗੁਰੂ ਸਾਹਿਬ ਦਮਦਮੇ ਤੋਂ ਸਾਰਾ ਜੁੱਧ-ਨਜ਼ਾਰਾ ਦੇਖ ਰਹੇ ਸਨ ਤੇ ਮਨ ਵਿਚ ਵਿਚਾਰ ਕਰ ਰਹੇ ਸਨ ਕਿ ਜਿਹੜਾ ਜੋਧਾ ਵਿਰੋਧੀਆਂ ਵਿਚੋਂ ਸਭ ਤੋਂ ਪਰਬਲ ਨਿਕਲੇਗਾ ਉਸ ਨਾਲ ਅਸੀਂ ਲੋਹਾ ਲਵਾਂਗੇ । ਬੁੱਧੂ ਸ਼ਾਹ ਗੁਰੂ ਜੀ ਦੇ ਪੱਖ ਵਿਚ ਤਨੋਂ ਮਨੋਂ ਹੋ ਕੇ ਲੜ ਰਿਹਾ ਸੀ । ਅੱਗੇ ਵਧਦਿਆਂ, ਗੋਲੀਆਂ ਛਡਦਿਆਂ ਉਸ ਦੇ ਦੂਸਰੇ ਸਪੁੱਤਰ ਨੂੰ ਵੀ ਕਰਾਰਾ ਘਾਉ ਲੱਗ ਗਿਆ ਅਤੇ ਉਹ ਬਹਿਸ਼ਤ ਨਸੀਬ ਹੋਇਆ ।

"ਦੂਜੇ ਦਿਨ ਕਲਗੀਧਰ ਜੀ ਦੇ ਲਾਗੇ ਲਾਲ ਚੰਦ ਨਾਮੀ ਹਲਵਾਈ ਸਿੱਖ ਖੜਾ ਸੀ । ਲਾਲ ਚੰਦ, ਮਾਹੀ ਦੇ ਕਾਰਨਾਮੇ ਦੇਖ ਕੇ ਉਸ ਦੇ ਅੰਦਰ ਵੀ ਜੋਸ਼ ਤੇ ਬੀਰ ਰਸ ਦਾ ਸੰਚਾਰ ਹੋਇਆ । ਇਹ ਤਕੜੀ ਤੋਲਣ ਵਾਲਾ ਸਿੱਖ ਸ਼ਸਤਰ ਚਲਾਉਣ ਉੱਕਾ ਨਹੀਂ ਸੀ ਜਾਣਦਾ । ਹਾਂ, ਕਦੇ ਕਦੇ ਉਦਾਸੀਆਂ ਦੇ ਅਖਾੜੇ ਵਿਚ ਤਲਵਾਰਾਂ ਦੀ ਬਣਾਉਟੀ ਲੜਾਈ ਦੇਖਦਾ ਹੁੰਦਾ ਸੀ । ਉਸ ਨੇ ਗੁਰੂ ਜੀ ਤੋਂ ਜੁੱਧ ਕਰਨ ਦੀ ਆਗਿਆ ਮੰਗੀ । ਬੇਨਤੀ ਕੀਤੀਓਸ, 'ਮਹਾਰਾਜ ਜੀ, ਮੈਨੂੰ ਵੀ ਭਿੜਨ ਦਾ ਚਾਅ ਆਉਂਦਾ ਹੈ ! ਮੈਨੂੰ ਵੀ ਘੋੜਾ ਬਖ਼ਸ਼ੋ ਤੇ ਕੋਈ ਸ਼ਸਤਰ ਵੀ ਦਿਓ—ਨੇਜ਼ਾ, ਬੰਦੂਕ ਜਾਂ ਤੀਰ-ਕਮਾਨ, ਜੋ ਠੀਕ ਸਮਝੋ ।'

"ਸਤਿਗੁਰਾਂ ਉਸ ਨੂੰ ਇਕ ਚੰਗੀ ਕਮੈਤ ਦਾ



www.AKJ.Org

ਘੋੜਾ ਤੇ ਇਕ ਢਾਲ ਤੇ ਤਲਵਾਰ ਬਖਸ਼ੀ । ਘੋੜੇ ਚੜ੍ਹਨ ਤੋਂ ਪਹਿਲਾਂ ਸਤਿਗੁਰਾਂ ਨੇ ਸਿੱਖ ਨੂੰ ਪਿੱਠ ਤੇ ਥਾਪੜਾ ਦਿੱਤਾ। ਜਦੋਂ ਉਹ ਅੱਗੇ ਵਧਿਆ ਤਾਂ ਪਠਾਣ ਬੜੇ ਹੱਸੇ। ਉਹ ਮੀਰ ਖ਼ਾਂ ਨਾਂ ਦੇ ਨਾਇਬ ਸਰਦਾਰ ਵੱਲ ਵਧਿਆ। ਭੀਖਣ ਖ਼ਾਨ ਨੇ ਕਿਹਾ, 'ਇਹ ਤਕੜੀ ਤੋਲਣ ਵਾਲਾ ਅਰੋੜਾ ਹੈ! ਮੀਰ ਖ਼ਾਂ, ਇਸ ਨੂੰ ਮਾਰ ਕੇ ਇਸ ਦਾ ਘੋੜਾ ਤੇ ਹਥਿਆਰ ਖੋਹ ਲੈ । ਇਸ ਨੇ ਤਾਂ ਕਦੇ ਹਥਿਆਰ ਦੇਖੇ ਵੀ ਨਹੀਂ।' ਇਸ ਵੰਗਾਰ ਤੋਂ ਉਤਸ਼ਾਹਤ ਹੋ ਕੇ ਮੀਰ ਖ਼ਾਂ ਘੋੜਾ ਵਧਾ ਕੇ ਅੱਗੇ ਆਇਆ ਤੇ ਲਾਗੇ ਆ ਕੇ ਬਲੀ ਬਾਂਹ ਦੇ ਪੂਰੇ ਜ਼ੋਰ ਨਾਲ ਹਲਵਾਈ ਤੇ ਤਲਵਾਰ ਚਲਾਈ, ਜਿਸ ਨੂੰ ਉਸ ਨੇ ਅਸਚਰਜ ਫੁਰਤੀ ਨਾਲ ਰੋਕਿਆ ਤੇ ਇਸ ਤੇਜ਼ੀ ਨਾਲ ਤਲਵਾਰ ਚਲਾਈ ਕਿ ਮੀਰ ਖ਼ਾਂ ਦਾ ਸਿਰ ਪੱਕੇ ਫਲ ਵਾਂਗ ਲਹਿ ਕੇ ਧਰਤੀ ਤੇ ਜਾ ਪਿਆ। ਹੁਣ ਗੁਰੂ ਦਲ ਦੇ ਹੱਸਣ ਦੀ ਵਾਰੀ ਆਈ।

"ਨਿਜਾਬਤ ਖ਼ਾਨ ਤੇ ਭੀਖਣ ਖ਼ਾਨ ਨੂੰ ਇਸ ਗੱਲ ਤੇ ਬੜੀ ਖਾਰ ਆਈ। ਖ਼ਬਰੇ, ਉਹ ਸੋਚਦੇ ਸਨ, ਗੁਰੂ ਇਨ੍ਹਾਂ ਕੰਮੀਆਂ-ਕਮੀਣਾਂ ਨੂੰ ਸਾਥੋਂ ਲੁਕਾ ਕੇ ਕਿੱਥੇ ਸ਼ਸਤਰ-ਵਿਦਿਆ ਸਿਖਾਂਦਾ ਰਿਹਾ ਹੈ । ਨਿਜਾਬਤ ਖਾਨ ਨੇ ਪਠਾਣਾਂ ਨੂੰ ਲਲਕਾਰਿਆ, 'ਓਏ ਪਠਾਣੋ ! ਕਿਉਂ ਹੌਸਲਾ ਹਾਰ ਬੈਠੇ ਓ ? ਕਾਇਰੋ, ਉਨ੍ਹਾਂ ਤੋਂ ਡਰਦੇ ਭੱਜੇ ਜਾਂਦੇ ਹੋ ਜਿਨ੍ਹਾਂ ਨੂੰ ਹਥਿਆਰ ਫੜਨੇ ਵੀ ਨਹੀਂ ਆਉਂਦੇ। ਇਹ ਹੌਸਲਾ ਹਾਰਨ ਦਾ ਨਤੀਜਾ ਹੈ। ਤਗੜੇ ਹੋਵੋ, ਜਿੱਥੇ ਖੜੇ ਹੋ ਉਥੇ ਹੀ ਜੰਮ ਜਾਓ, ਜਿੱਤ ਤੁਹਾਡੀ ਹੀ ਹੋਵੇਗੀ।'

"ਇਸ ਤਰ੍ਹਾਂ ਹੌਸਲਾ ਦੇ ਕੇ ਉਨ੍ਹਾਂ ਨੇ ਪਠਾਣਾਂ, ਹਰੀ ਚੰਦ ਦੀ ਸੈਨਾ ਤੇ ਮਧੁਕਰ ਸ਼ਾਹ ਦੇ ਜੋਧਿਆਂ ਦਾ ਇਕ ਵੱਡਾ ਦਲ ਬਣਾ ਕੇ ਇਕ ਵੱਡਾ ਹਮਲਾ ਫੇਰ ਸ਼ੁਰੂ ਕਰ ਦਿਤਾ। ਤਗੜੇ ਹੋ ਕੇ ਉਹ ਗੋਲੀਆਂ ਤੇ ਤੀਰਾਂ ਦੀ ਵਾਛੜ ਕਰਦੇ ਗੁਰੂ-ਦਲ ਤੇ ਆ ਪਏ । ਲਾਗੇ ਆ ਕੇ ਬਰਛਿਆਂ, ਤੋਮਰਾਂ, ਭਾਲਿਆਂ, ਸੀਖਚਿਆਂ, ਸੇਲਿਆਂ, ਨਾਗਣੀਆਂ ਤੇ ਤ੍ਰਿਸੂਲਾਂ ਦੀ ਲੜਾਈ ਮਚ ਗਈ। ਗੁਰੂ ਦਲ ਦੇ ਬੜੇ ਸੈਨਕਾਂ ਦਾ ਨੁਕਸਾਨ ਹੋਇਆ। ਪਰ ਨੰਦ ਚੰਦ, ਦਯਾ ਰਾਮ ਪ੍ਰੋਹਤ, ਸ੍ਰੀ ਸੰਗੋਸ਼ਾਹ, ਜੀਤ ਮਲ, ਗੰਗਾ ਰਾਮ, ਮਾਹਰੀ ਚੰਦ, ਗੁਲਾਬ ਚੰਦ ਨੇ ਕਰੜਾ ਟਾਕਰਾ ਕੀਤਾ। ਕੀਟ ਵੀ ਇਸ ਜੁੱਧ ਵਿਚ ਸ਼ਾਮਲ ਸੀ। ਗੁਰੂ ਜੀ ਦੇ ਮਾਮਾ ਜੀ, ਸ੍ਰੀ ਕਿਰਪਾਲ ਜੀ ਨੇ ਤੀਰਾਂ ਨਾਲ ਚੁਣ ਚੁਣ ਕੇ ਦੁਸ਼ਮਨਾਂ ਦੇ ਜੋਧੇ ਰੋੜ੍ਹੇ, ਪਰ ਆਪ ਰਣ-ਖੰਭੇ ਵਾਂਗ ਦ੍ਰਿੜ੍ਹ ਰਹੇ।

"ਇਸ ਲੜਾਈ ਵਿਚ ਸ੍ਰੀ ਜੀਤ ਮਲ ਤੇ ਰਾਜਾ ਹਰੀ ਚੰਦ ਦਾ ਦੂਹ ਬਦੂਹ ਮੁਕਾਬਲਾ ਹੋ ਗਿਆ। ਇਹ ਦੋਵੇਂ ਦਾਅ ਲਾ ਲਾ ਕੇ ਇਕ ਦੂਜੇ ਤੇ ਵਾਰ ਕਰਦੇ ਸਨ ਤੇ ਬਚਣ ਲਈ ਘੋੜਿਆਂ ਨੂੰ ਚੰਭਲਾਉਂਦੇ, ਟਪਾਉਂਦੇ, ਇਧਰ ਉਧਰ ਮੋੜਦੇ ਤੇ ਭਜਾਉਂਦੇ ਸਨ। ਜੀਤ ਮਲ ਜੀ ਨੇ ਤਿੱਖਾ ਤੀਰ ਧਨਖ ਤੇ ਜੋੜ ਕੇ ਹਰੀ ਚੰਦ ਦਾ ਨਿਸ਼ਾਨਾ ਕਰ ਕੇ ਮਾਰਿਆ, ਪਰ ਉਹ ਤੀਰ ਆਉਂਦਾ ਦੇਖ ਕੇ ਫੁਰਤੀ ਨਾਲ ਘੋੜਾ ਫੇਰ ਕੇ ਟਲ ਗਿਆ। ਤੀਰ ਨਿਸਫਲ ਜਾਂਦਾ ਦੇਖ ਕੇ ਜੀਤ ਮਲ ਜੀ ਨੇ ਕਿਹਾ, 'ਹਰੀ ਚੰਦ, ਕਿਥੋਂ ਤਕ ਭੱਜ ਲਵੇਂਗਾ ? ਐਤਕੀਂ ਦੇਖੀਂ ਕੀ ਹੁੰਦਾ ਹੈ ।' ਜਦੋਂ ਜੀਤ ਮੱਲ ਨੇ ਦੂਜਾ ਤੀਰ ਖਿੱਚਿਆ ਤਾਂ ਉਸੇ ਵੇਲੇ ਹਰੀ ਚੰਦ ਨੇ ਵੀ ਆਪਣਾ ਤੀਰ ਖਿੱਚਿਆ। ਦੋਹਾਂ ਦੇ ਤੀਰ ਇਕੱਠੇ ਚਲੇ ਅਤੇ ਇਕ ਦੂਜੇ ਦੇ ਘੋੜੇ ਦੇ ਮੱਥਿਆਂ ਵਿਚ ਗੱਡੇ ਗਏ। ਘੋੜੇ ਜ਼ਮੀਨ ਤੇ ਡਿੱਗਦਿਆਂ ਹੀ ਦੋਵੇਂ ਸਵਾਰ ਆਪਣੇ ਕਦਮਾਂ ਤੇ ਸਾਵਧਾਨ ਖੜੇ ਗਏ । ਦੋਵੇਂ ਹੀ ਧਨੁਰ-ਵਿਦਿਆ ਵਿਚ ਚੁਸਤ ਸਨ। ਦੋਹਾਂ ਨੇ ਤੀਰ ਕਢੇ ਤੇ ਛੱਡੇ ਅਤੇ ਇਹ ਤੀਰ ਇਕ ਦੂਜੇ ਦੀ ਬਾਂਹ ਨੂੰ ਜ਼ਖ਼ਮੀ ਕਰ ਗਏ। ਹਰੀ ਚੰਦ ਨੂੰ ਬੜਾ ਗੁੱਸਾ ਚੜ੍ਹਿਆ। ਜੀਤ ਮੱਲ ਦੇ ਤੀਰ ਖਿੱਚਦਿਆਂ ਹੀ ਉਸ ਨੇ ਵਧੇਰੀ ਫੁਰਤੀ ਨਾਲ ਤੀਰ ਛਡਿਆ, ਪਰ ਉਧਰ ਜੀਤ ਮੱਲ ਜੀ ਦਾ ਤੀਰ ਵੀ ਕਮਾਨ ਵਿਚੋਂ ਨਿਕਲ ਚੁੱਕਾ ਸੀ । ਹਰੀ ਚੰਦ ਦਾ ਤੀਰ ਜੀਤ ਮੱਲ ਜੀ ਦੇ ਦਿਲ ਨੂੰ ਚੀਰ ਗਿਆ ਅਤੇ ਉਹ ਝੂਲ ਕੇ ਅਗਾਂਹ ਪੈਰ ਵਧਾਉਂਦੇ ਧਰਤੀ ਤੇ ਢਹਿ ਪਏ। ਜੀਤ ਮੱਲ ਦਾ ਤੀਰ ਵੀ ਹਰੀ ਚੰਦ ਦੀ ਛਾਤੀ ਵਿਚ ਗੱਡਿਆ ਗਿਆ, ਪਰ ਉਸ ਦਾ ਦਿਲ ਬਚ ਗਿਆ। ਥੋੜੇ ਚਿਰ ਮਗਰੋਂ ਉਹ ਵੀ ਮੂਰਛਿਤ ਹੋ ਕੇ ਭੋਂ ਤੇ ਡਿਗ ਪਿਆ। ਪਿੱਛੇ ਲਿਜਾ ਕੇ ਹਰੀ ਚੰਦ ਦਾ ਤੀਰ ਕੱਢ ਕੇ ਪੱਟੀ ਕੀਤੀ ਗਈ ਅਤੇ ਮੂਰਛਾ ਤੋੜਨ ਦੇ



www.AKJ.Org

ਜਤਨ ਹੋਣ ਲਗੇ। ਗੁਰੂ ਕੇ ਸੂਰਮਿਆਂ ਨੇ ਜੀਤ ਮੱਲ ਜੀ ਦਾ ਮ੍ਰਿਤੂ ਸਰੀਰ ਆਦਰ ਨਾਲ ਚੁੱਕ ਕੇ ਪਿਛੇ ਲੈ ਆਂਦਾ। ਜੋਧਿਆਂ ਨੇ ਉਨ੍ਹਾਂ ਦੀ ਸੂਰਮ-ਗਤੀ ਦੀ ਜੈ-ਜੈ-ਕਾਰ ਕੀਤੀ।

"ਸਤਿਗੁਰਾਂ ਦੇਖਿਆ ਜਿੱਥੇ ਮੂਰਛਿਤ ਹਰੀ ਚੰਦ ਨੂੰ ਹੋਸ਼ ਵਿਚ ਲਿਆਉਣ ਦਾ ਜਤਨ ਕੀਤਾ ਜਾ ਰਿਹਾ ਸੀ, ਫ਼ਤਿਹ ਸ਼ਾਹ ਉਥੇ ਜੋਧਿਆਂ ਦੇ ਇਕ ਜੱਥੇ ਨਾਲ ਖੜਾ ਸੀ। ਗੁਰੂ ਜੀ ਨੇ ਭਾਈ ਰਾਮਾ ਜੀ ਨੂੰ ਆਪਣੀ ਤੋਪ ਦਾ ਗੋਲਾ ਉਨ੍ਹਾਂ ਤੇ ਤੱਕ ਕੇ ਚਲਾਉਣ ਲਈ ਆਗਿਆ ਕੀਤੀ। ਭਾਈ ਜੀ ਨੇ ਅੱਗੇ ਹੀ ਭਰ ਕੇ ਰੱਖੀ ਤੋਪ ਦਾ ਨਿਸ਼ਾਨਾ ਬੰਨ੍ਹ ਕੇ ਤੋਪ ਦਾਗ ਦਿੱਤੀ। ਤੋਪ ਭਿਆਨਕ ਗੜਗੜਾਹਟ ਨਾਲ ਗਰਜੀ। ਗੋਲਾ ਉਸ ਸਮੂਹ ਉਤੇ ਪਿਆ ਤੇ ਦੋ ਤਿੰਨ ਸੈਨਕਾਂ ਨੂੰ ਪਾਰ ਬੁਲਾਇਆ। ਗੋਲੇ ਦੀ ਮਾਰ ਤੋਂ ਬਚਣ ਲਈ ਫ਼ਤਿਹ ਸ਼ਾਹ ਹਰੀ ਚੰਦ ਨੂੰ ਉਥੇ ਹੀ ਮੂਰਛਤ ਛਡ ਕੇ ਉਠ ਦੌੜਿਆ। ਕਾਇਰ ਨੇ ਧਨੁਖ-ਬਾਣ ਨੂੰ ਬੇਅਰਥ ਲਾਜ ਲਾਈ। ਉਸ ਨੂੰ ਨੱਸਦਾ ਦੇਖ ਕੇ ਜਸਵਾਲੀਆ, ਢਢਵਾਲੀਆ ਆਦਿ ਸਾਰੇ ਰਾਜੇ ਵੀ ਉੱਠ ਨੱਸੇ ਅਤੇ ਗੋਲੇ ਗੋਲੀ ਦੀ ਮਾਰ ਤੋਂ ਦੂਰ ਜਾ ਖੜੇ ਹੋਏ।

"ਗ਼ਾਜ਼ੀ ਚੰਦ ਚੰਦੇਲ ਨੇ ਫ਼ਤਿਹ ਸ਼ਾਹ ਨੂੰ ਭੱਜਦਾ ਤੇ ਹਰੀ ਚੰਦ ਨੂੰ ਮੂਰਛਿਤ ਦੇਖ ਕੇ ਬੜਾ ਤਾਅ ਖਾਧਾ ਅਤੇ ਹੱਥ ਵਿਚ ਸੇਲ੍ਹਾ ਲੈ ਕੇ ਅੱਗੇ ਵਧਿਆ। ਪ੍ਰੋਹਿਤ ਦਯਾ ਰਾਮ, ਨੰਦ ਚੰਦ, ਗੰਗਾ ਰਾਮ, ਗੁਲਾਬ ਚੰਦ ਨੇ ਜੀਤ ਮੱਲ ਦੀ ਮ੍ਰਿਤੂ ਤੇ ਗੁੱਸਾ ਖਾ ਕੇ ਫੇਰ ਹਮਲਾ ਕੀਤਾ। ਬਹੁਤੀ ਪਹਾੜੀ ਸੈਨਾ ਭੱਜ ਗਈ, ਪਰ ਗ਼ਾਜ਼ੀ ਚੰਦ ਨੇ ਹੌਸਲੇ ਨਾਲ ਮੁਕਾਬਲਾ ਕੀਤਾ। ਇਕ ਦੋ ਜੋਧਿਆਂ ਤੇ ਉਸ ਨੇ ਸੇਲ੍ਹੇ ਦੇ ਵਾਰ ਕੀਤੇ। ਸੈਨਾਪਤੀ ਸੰਗੋਸ਼ਾਹ ਨੂੰ ਲਲਕਾਰ ਕੇ ਉਸ ਤਲਵਾਰ ਕਢ ਲਈ, ਪਰ ਸੰਗੋਸ਼ਾਹ ਨੇ ਥੋੜੀ ਜਹੀ ਲੜਾਈ ਮਗਰੋਂ ਹੀ ਆਪਣੀ ਖੜਗ ਨਾਲ ਉਸ ਦਾ ਸਿਰ ਧੜ ਤੋਂ ਜੁਦਾ ਕਰ ਦਿੱਤਾ। ਇਹ ਦੇਖ ਕੇ ਫ਼ਤਿਹ ਸ਼ਾਹ ਆਪਣੀ ਉਹ ਥਾਂ ਵੀ ਛਡ ਦੌੜਿਆ।

"ਹੁਣ ਪਠਾਣਾਂ ਨੇ ਆਪਣਾ ਆਖ਼ਰੀ ਦਾਅ ਵੀ ਲਾ ਦਿੱਤਾ। ਨਿਜਾਬਤ ਦੀ ਅਗਵਾਈ ਵਿਚ ਉਹ ਫੇਰ ਅੱਗੇ ਵੱਧੇ। ਸੰਗੋਸ਼ਾਹ ਤੇ ਨਿਜਾਬਤ ਆਹਮੋ ਸਾਹਮਣੇ ਹੋ ਗਏ। ਉਨ੍ਹਾਂ ਦਾ ਮੁਕਾਬਲਾ ਠਣ ਗਿਆ। ਦੋਵੇਂ ਇਕ ਦੂਜੇ ਦਾ ਵਾਰ ਬਚਾ ਕੇ ਵਾਰ ਕਰਦੇ ਸਨ। ਫੇਰ ਵੀ ਜ਼ਖ਼ਮੀ ਤੇ ਲਹੂ ਲੁਹਾਨ ਹੋਏ ਉਹ ਪਲਾਹ ਦੇ ਫੁੱਲਦਾਰ ਦਰੱਖ਼ਤ ਜਾਪਦੇ ਸਨ। ਉਹ ਪੱਬਾਂ ਭਾਰ ਹੋ ਹੋ ਕੇ ਵਾਰ ਕਰਦੇ ਸਨ, ਪਰ ਦੋਹਾਂ ਵਿਚੋਂ ਕੋਈ ਵੀ ਇਕ ਉਂਗਲ ਪਿਛਾਂਹ ਨਹੀਂ ਸੀ ਹਟਦਾ। ਆਖ਼ਰ ਦੋਵੇਂ ਜੋਧੇ ਚੋਟਾਂ ਖਾ ਖਾ ਕੇ ਝੂਮਣ ਲਗ ਪਏ। ਅੰਤ ਸੰਗੋਸ਼ਾਹ ਦੇ ਇਕ ਭਰਵੇਂ ਵਾਰ ਨਾਲ ਨਿਜਾਬਤ ਡਿੱਗ ਪਿਆ, ਪਰ ਡਿਗਦਾ ਡਿਗਦਾ ਉਹ ਵੀ ਸਾਵਾਂ ਵਾਰ ਕਰ ਗਿਆ। ਨਿਜਾਬਤ ਖ਼ਾਨ ਨੂੰ ਮਾਰ ਕੇ ਸੰਗੋਸ਼ਾਹ ਜੀ ਵੀ ਵੀਰ ਗਤੀ ਪ੍ਰਾਪਤ ਕਰ ਗਏ। ਸੰਗੋ ਜੀ ਦਾ ਜੁੱਧ ਦੇਖ ਕੇ ਕਲਗੀਧਰ ਜੀ ਨੇ ਉਨ੍ਹਾਂ ਨੂੰ 'ਸ਼ਾਹ ਸੰਗ੍ਰਾਮ' ਦਾ ਖ਼ਿਤਾਬ ਦਿਤਾ।

"ਹੁਣ ਗੁਰੂ ਜੀ ਨੇ ਜੰਗ ਦੀ ਕਮਾਨ ਆਪ ਸੰਭਾਲੀ। ਗੁਰੂ ਜੀ ਨੇ ਇਕ ਤਿੱਖਾ ਤੀਰ ਛੱਡਿਆ, ਜੋ ਇਕ ਨਾਇਬ ਖ਼ਾਨ ਨੂੰ ਲਗਾ ਤੇ ਉਸ ਪਾਣੀ ਵੀ ਨਾ ਮੰਗਿਆ। ਦੂਜਾ ਤੀਰ ਇਕ ਹੋਰ ਪਠਾਣ ਦੇ ਕੰਨ ਵਿਚੋਂ ਖੁਭ ਕੇ ਦੂਸਰੇ ਬੰਨੇ ਨਿਕਲ ਗਿਆ। ਇੰਨੇ ਨੂੰ ਉਨ੍ਹਾਂ ਨੂੰ ਨਿਮਕ-ਹਰਾਮ ਭੀਖਣ ਖ਼ਾਨ ਦਿਸ ਪਿਆ। ਸਤਿਗੁਰਾਂ ਤਾਣ ਕੇ ਤੀਰ ਮਾਰਿਆ, ਜੋ ਉਸ ਦੇ ਮੂੰਹ ਤੇ ਲੱਗਾ ਤੇ ਉਸ ਦਾ ਮੂੰਹ ਲਹੂ ਨਾਲ ਲਥ-ਪਥ ਹੋ ਗਿਆ। ਖ਼ਾਨ ਘੋੜਾ ਦੁੜਾ ਕੇ ਨੱਸਣ ਲੱਗਾ, ਪਰ ਦੂਸਰਾ ਤੀਰ ਉਸ ਦੇ ਘੋੜੇ ਨੂੰ ਲੈ ਗਿਆ। ਘੋੜੇ ਨੂੰ ਉੱਥੇ ਹੀ ਛਡ ਕੇ ਭੀਖਣ ਖ਼ਾਨ ਡਰਦਾ ਮਾਰਾ ਮੈਦਾਨ ਛੱਡ ਗਿਆ। ਗੁਰੂ ਜੀ ਦਾ ਵੀਰ ਤਸੀ ਕ੍ਰੋਧ ਦੇਖ ਕੇ ਨੰਦ ਚੰਦ ਤੇ ਦਯਾ ਰਾਮ ਪ੍ਰੋਹਤ ਧਾਵਾ ਕਰ ਕੇ ਪਏ ਤੇ ਰਹੇ-ਖੁਹੇ ਪਠਾਣਾਂ ਨੂੰ ਭਜਾ ਦਿਤਾ। ਜਿਹੜੇ ਉਨ੍ਹਾਂ ਅੱਗੇ ਅੜੇ, ਸੋ ਝੜੇ।

"ਹਰੀ ਚੰਦ, ਜੋ ਜੀਤ ਮਲ ਜੀ ਦੇ ਤੀਰ ਨਾਲ ਮੂਰਛਤ ਹੋ ਗਿਆ ਸੀ, ਹੌਲੀ ਹੌਲੀ ਹੋਸ਼ ਵਿਚ ਆਇਆ ਤਾਂ ਉਸ ਪਠਾਣਾਂ ਨੂੰ ਭੱਜੇ ਜਾਂਦੇ ਤੇ ਗੁਰੂ ਦਲ ਨੂੰ ਫਤਹ ਪਾ ਕੇ ਵਧਦੇ ਦੇਖਿਆ। ਉਸ ਬੀਰ ਕੋਲੋਂ ਇਹ ਗੱਲ ਸਹਾਰੀ ਨਾ ਗਈ। ਉਹ ਆਪਣੇ ਗਹਿਰੇ ਜ਼ਖ਼ਮ ਦੀ



www.AKJ.Org

ਪਰਵਾਹ ਨਾ ਕਰਦਾ ਹੋਇਆ ਫੇਰ ਵਧਿਆ। ਉਸ ਨੇ ਆਪਣਾ ਧਨਖ ਸੰਭਾਲਿਆ ਤੇ ਤੀਰਾਂ ਤੇ ਤੀਰ ਛਡੇ। ਜਿਸ ਨੂੰ ਉਸ ਦਾ ਤੀਰ ਲਗਦਾ ਸੀ ਉਹ ਜੀਊਂਦਾ ਨਹੀਂ ਸੀ ਬਚਦਾ। ਫੇਰ ਵੀ ਗੁਰੂ ਦੇ ਜੋਧੇ-ਸਿਖ ਪਿਛਾਂਹ ਨਹੀਂ ਸਨ ਪੈਰ ਪਾਉਂਦੇ। ਹਰੀ ਚੰਦ ਦਾ ਰੋਹ ਵਧ ਗਿਆ। ਉਸ ਨੇ ਦੋ ਦੋ ਤੀਰ ਇਕੱਠੇ ਖਿਚ ਖਿਚ ਕੇ ਮਾਰਨੇ ਸ਼ੁਰੂ ਕੀਤੇ। ਭਾਵੇਂ ਸਵਾਰ ਹੋਵੇ ਭਾਵੇਂ ਘੋੜਾ, ਜਿਸ ਨੂੰ ਤੀਰ ਲਗਦਾ ਸੀ ਬਚ ਨਹੀਂ ਸੀ ਸਕਦਾ। ਗੁਰੂ ਜੀ ਇਸ ਬਾਂਕੇ ਬਹਾਦਰ ਨੂੰ ਦੇਖ ਕੇ ਅੱਗੇ ਵਧੇ। ਹਰੀ ਚੰਦ ਨੇ ਗੁਰੂ ਜੀ ਨੂੰ ਦੇਖ ਕੇ ਤੀਰ ਮਾਰਿਆ। ਹਰੀ ਚੰਦ ਦਾ ਹਥ ਹਿਲ ਗਿਆ ਤੇ ਗੁਰੂ ਜੀ ਦੇ ਘੋੜੇ ਟਪਾਉਣ ਦੇ ਬਾਵਜੂਦ ਘੋੜੇ ਨੂੰ ਲਗ ਹੀ ਗਿਆ, ਪਰ ਘੋੜੇ ਨੇ ਆਪਣੀ ਤੇਜ਼ੀ ਨੂੰ ਕਾਇਮ ਰਖਿਆ। ਪਰਬਤ-ਪਤੀ ਨਿਸ਼ਾਨਾ ਚੁੱਕਾ ਦੇਖ ਕੇ ਹੋਰ ਗੁੱਸੇ ਵਿਚ ਆਇਆ। ਮਹਾਨ ਨਿਰਭੈ ਜੋਧੇ ਕਲਗੀਧਰ ਨੂੰ ਸਾਹਮਣੇ ਦੇਖ ਕੇ ਉਸ ਫੇਰ ਤੀਰ ਮਾਰਿਆ। ਗੁਰੂ ਜੀ ਨੇ ਫੁਰਤੀ ਨਾਲ ਮੂੰਹ ਫੇਰ ਲਿਆ ਤੇ ਤੀਰ ਕੰਨ ਨੂੰ ਛੁਹ ਕੇ ਤਰਾਰਾ ਬੰਨ੍ਹ ਗਿਆ। ਹਰੀ ਚੰਦ ਬੜਾ ਹੈਰਾਨ ਹੋਇਆ। ਸੋਚਣ ਲਗਾ, 'ਮੈਨੂੰ ਕੀ ਹੋ ਗਿਆ ਹੈ ਜੋ ਮੇਰੇ ਅਚੂਕ ਨਿਸ਼ਾਨੇ ਨਿਸਫਲ ਜਾ ਰਹੇ ਹਨ। ਖ਼ਬਰੇ ਮੈਂ ਅੱਜ ਜੁਧ ਹਾਰ ਜਾਣਾ ਹੈ!' ਫੇਰ ਹਰੀ ਚੰਦ ਨੇ ਪਰਖ ਕੇ ਤਿੱਖਾ ਤੀਰ ਭੱਥੇ ਵਿਚੋਂ ਖਿਚਿਆ ਤੇ ਕਮਾਨ ਤੇ ਚਾੜ੍ਹ ਕੇ ਚਲਾਇਆ। ਤੀਰ ਫੁੰਕਾਰਦਾ ਹੋਇਆ ਆਇਆ ਤੇ ਗੁਰੂ ਜੀ ਦੀ ਪੇਟੀ ਵਿਚ ਖੁਭ ਗਿਆ। ਗੁਰੂ ਜੀ ਨੂੰ ਜ਼ਰਾ ਕੁ ਚੁੰਝ ਚੁਭੀ। ਤੀਰ ਨੂੰ ਖਿਚ ਕੇ ਸੁਟਦਿਆਂ ਗੁਰੂ ਜੀ ਦਾ ਰੋਹ ਹੋਰ ਵਧ ਗਿਆ। ਉਨ੍ਹਾਂ ਨੇ ਵਿਅੰਗ ਵਿਚ ਪ੍ਰਸੰਸਾ ਰਲਾ ਕੇ ਕਿਹਾ, 'ਵਾਹ! ਖ਼ੂਬ ਹੈ, ਰਾਜਾ ਜੀ, ਤੁਹਾਡੀ ਧਨੁਰ ਵਿਦਿਆ! ਤੁਸੀਂ ਤਿੰਨ ਵਾਰ ਕਰ ਚੁੱਕੇ ਹੋ। ਹੁਣ ਮੇਰੇ ਵਾਰ ਦੀ ਵਾਰੀ ਹੈ।'

"ਗੁਰੂ ਜੀ ਨੇ ਇਕ ਤਿੱਖਾ ਤੀਰ ਕੱਢ ਕੇ ਆਪਣੇ ਕਰੜੇ ਧਨਖ ਤੇ ਚੜ੍ਹਾ ਕੇ ਖਿੱਚਿਆ। ਉਨ੍ਹਾਂ ਦਾ ਸੱਜਾ ਹੱਥ ਕੰਨ ਨੂੰ ਜਾ ਲਗਾ। ਹਰੀ ਚੰਦ ਨੇ ਨਿਸ਼ਾਨਾ ਉਕਾਉਣ ਲਈ ਘੋੜੇ ਨੂੰ ਬਥੇਰਾ ਟਪਾਇਆ, ਪਰ ਗੁਰੂ ਜੀ ਦਾ ਤੀਰ ਸ਼ੂਕਦਾ ਗਿਆ। ਤੇ ਹਰੀ ਚੰਦ ਦੀ ਛਾਤੀ ਨੂੰ ਚੀਰ ਦੁਸਾਰ-ਪਾਰ ਹੋ ਗਿਆ। ਹਰੀ ਚੰਦ ਇਉਂ ਡਿਗਾ ਜਿਵੇਂ ਪੁਰਾਣਾ ਰੁੱਖ ਹਨੇਰੀ ਨੇ ਪੁਟ ਮਾਰਿਆ ਹੋਵੇ। ਗੁਰੂ ਜੀ ਨੇ ਤੀਰਾਂ ਦੀ ਬਰਖਾ ਕਰ ਦਿਤੀ। ਮਗਰੋਂ ਗੁਰੂ-ਦਲ ਨੇ ਇਕੱਠੇ ਹੋ ਕੇ ਮਹਾਂ ਭਿਆਨਕ ਹੱਲਾ ਕਰ ਦਿਤਾ। ਪਹਾੜੀ ਰਾਜਿਆਂ ਦੀ ਰਹੀ-ਖੁਹੀ ਸੈਨਾ ਵਿਚ ਭਗਦੜ ਮਚ ਗਈ। ਕਾਰੋੜ ਰਾਇ, ਕੋਟ ਲੇਹਰ ਦੇ ਰਾਜੇ ਨੂੰ ਵੀ ਗੁਰੂ ਜੀ ਦਾ ਇਕ ਤੀਰ ਲਗਾ ਤੇ ਉਹ ਸੁਆਸ ਤਿਆਗ ਗਿਆ। ਭਾਜੜ ਐਸੀ ਪਈ ਕਿ ਕਈ ਪਹਾੜਾਂ ਤੇ ਜਾ ਚੜ੍ਹੇ, ਕਈ ਗਿਰੀ ਤੇ ਜਮਨਾ ਵਿਚ ਡੁੱਬ ਮੋਏ, ਕੁਝ ਤਰ ਕੇ ਪਾਰ ਜਾ ਅਪੜੇ, ਕਈ ਰਾਜ ਪੁਰੇ ਨੂੰ ਉਠ ਭੱਜੇ। ਸਤਿਗੁਰੂ ਨੇ ਗੁਰੂ-ਦਲ ਨੂੰ ਪਿਛਾ ਕਰਨ ਤੋਂ ਰੋਕ ਦਿਤਾ ਅਤੇ ਨਦੀ ਪਾਰ ਕਰਨ ਵਾਲਿਆਂ ਤੇ ਹਮਲਾ ਵੀ ਬੰਦ ਕਰਵਾ ਦਿਤਾ।

"ਜਿਤ-ਪ੍ਰਾਪਤੀ ਮਗਰੋਂ ਸਤਿਗੁਰਾਂ ਨੇ ਖੜਗ-ਕੇਤ ਵਾਹਿਗੁਰੂ ਜੀ ਅੱਗੇ ਸ਼ੁਕਰਾਨੇ ਦੀ ਅਰਦਾਸ ਕੀਤੀ। ਸ਼ਹੀਦਾਂ ਤੇ ਗਾਜ਼ੀਆਂ ਨੂੰ ਚਰਨਾਂ ਵਿਚ ਨਿਵਾਸ ਬਖਸ਼ਣ ਦੀ ਬੇਨਤੀ ਕੀਤੀ। ਸ਼ਾਹ ਸੰਗ੍ਰਾਮ, ਜੀਤ ਮਲ ਤੇ ਹੋਰ ਜੋਧਿਆਂ ਦੇ ਸਸਕਾਰ ਕਰਵਾਏ। ਪੀਰ ਬੁੱਧੂ ਸ਼ਾਹ ਦੇ ਪੁੱਤਰਾਂ ਅਤੇ ਹੋਰ ਮੁਰੀਦ-ਗਾਜ਼ੀਆਂ ਦਾ ਦਫ਼ਨ ਵੀ ਗੁਰੂ ਜੀ ਨੇ ਆਪਣੀ ਹਾਜ਼ਰੀ ਵਿਚ ਕਰਵਾਇਆ। ਫਟੜਾਂ ਦੀ ਫੌਰੀ ਮਲ੍ਹਮ ਪੱਟੀ ਤੋਂ ਮਗਰੋਂ ਉਨ੍ਹਾਂ ਨੂੰ ਪਾਉਂਟੇ ਆਰਾਮ ਨਾਲ ਚੁੱਕ ਕੇ ਲੈ ਜਾਣ ਦੇ ਪਰਬੰਧ ਪੂਰੇ ਕੀਤੇ। ਦੁਸ਼ਮਨ ਦੇ ਜ਼ਖ਼ਮੀਆਂ ਦੀ ਵੀ ਮਲ੍ਹਮ ਪੱਟੀ ਕਰ ਕੇ ਪਾਉਂਟੇ ਪਹੁੰਚਾਇਆ ਗਿਆ। ਇਹ ਸਾਰੇ ਫੌਰੀ ਕੰਮ ਕਰ ਚੁੱਕਣ ਮਗਰੋਂ ਸਤਿਗੁਰੂ ਚਾਰ ਘੜੀ ਰਾਤ ਬੀਤਣ ਮਗਰੋਂ ਆਪਣੇ ਅਸਥਾਨ ਪਹੁੰਚੇ। ਸ਼ਸਤਰ-ਬਸਤਰ ਉਤਾਰ ਕੇ ਇਸ਼ਨਾਨ ਕੀਤਾ। ਧਿਆਨ ਵਾਹਿਗੁਰੂ ਵਿਚ ਜੋੜਿਆ। ਪੀਰ ਬੁੱਧੂ ਸ਼ਾਹ ਦੇ ਸਪੁੱਤਰਾਂ, ਸੰਗੋਸ਼ਾਹ, ਸ਼ਾਹ ਸੰਗ੍ਰਾਮ ਤੇ ਜੀਤ ਮਲ ਭਰਾਵਾਂ, ਪੀਰ ਜੀ ਦੇ ਮੁਰੀਦਾਂ ਤੇ ਆਪਣੇ ਪਿਆਰੇ ਸਿਖਾਂ ਦੀ ਗਤੀ ਲਈ ਵਾਹਿਗੁਰੂ ਦੇ ਚਰਨਾਂ ਵਿਚ ਫੇਰ ਅਰਦਾਸ ਕੀਤੀ।

"ਪ੍ਰਾਤਾਂਕਾਲ ਆਸਾ ਦੀ ਵਾਰ ਦਾ ਕੀਰਤਨ ਹੋਇਆ, ਜੀਊਂਦੇ ਸ਼ਹੀਦਾਂ ਨੇ ਨਾਮ ਜਪਿਆ ਤੇ ਪਾਠ ਕੀਤੇ, ਗੁਰਬਾਣੀ ਦਾ ਗਾਇਨ ਹੋਇਆ। ਵੱਡਾ ਦੀਵਾਨ



www.AKJ.Org

ਸਜਿਆ। ਉਸ ਸਮੇਂ ਪੀਰ ਬੁੱਧੂ ਸ਼ਾਹ ਆਪਣੇ ਬਾਕੀ ਪੁੱਤਰਾਂ ਤੇ ਮੁਰੀਦਾਂ ਨੂੰ ਲੈ ਕੇ ਹਾਜ਼ਰ ਹੋਇਆ। ਗੁਰੂ ਜੀ ਨੇ ਪੀਰ ਨੂੰ ਆਪਣੇ ਲਾਗੇ ਬਿਠਾ ਕੇ ਕਿਹਾ, 'ਤੁਸੀਂ ਸਚ ਮੁਚ ਦੇ ਪੀਰ ਹੋ।' ਪੀਰ ਜੀ ਨੇ ਝੁਕ ਕੇ ਬੰਦਨਾ ਕੀਤੀ। ਸਤਿਗੁਰੂ ਜੀ ਦੇ ਨੈਣ ਵਿਚ ਨੈਣ ਜੋੜ ਕੇ ਪੀਰ ਜੀ ਨੇ ਕਿਹਾ, 'ਸਤਿਗੁਰੂ, ਆਪ ਦਿਆਂ ਨੈਣਾਂ ਵਿਚ ਮੇਰੇ ਪੁੱਤਰਾਂ ਤੇ ਮੁਰੀਦਾਂ ਲਈ ਕਰੁਣਾ ਲਿਸ਼ਕਦੀ ਹੈ। ਇਹ ਆਪ ਦਾ ਕਰਮ ਹੈ। ਮਰਨਾ ਇਕ ਦਿਨ ਸਾਰਿਆਂ ਨੇ ਹੈ, ਪਰ ਨੇਕ ਕੰਮ ਕਰਦਿਆਂ ਮਰਨਾ ਕਿਸੇ ਕਿਸੇ ਦੇ ਹਿੱਸੇ ਆਉਂਦਾ ਹੈ। ਫੇਰ ਮੇਰੇ ਪਿਆਰੇ ਮੁਰੀਦ ਤੇ ਬੱਚੇ ਤਾਂ ਤੁਹਾਡੇ ਕੰਮ ਆਏ ਹਨ। ਉਹ ਤਾਂ ਸਿੱਧੇ ਬਹਿਸ਼ਤਾਂ ਵਿਚ ਗਏ। ਇਸ ਲਈ, ਹੇ ਪੀਰਾਂ ਦੇ ਪੀਰ, ਸੱਚ ਜਾਣੋ, ਮੇਰੇ ਮਨ ਵਿਚ ਜ਼ਰਾ ਵੀ ਰੰਜ ਨਹੀਂ, ਗ਼ਮ ਨਹੀਂ, ਅਫ਼ਸੋਸ ਨਹੀਂ!'

"'ਪੀਰ ਜੀ, ਤੁਸੀਂ ਵੱਡੇ ਮਹਾਂ ਪੁਰਸ਼ ਹੋ। ਤੁਹਾਨੂੰ ਉਤਮ ਪਦ ਪ੍ਰਾਪਤ ਹੋਇਆ ਹੈ। ਸ਼ਾਹ ਜੀ, ਮੇਰੀ ਭੂਆ ਜੀ ਦੇ ਜਿਗਰ ਦੇ ਟੋਟੇ, ਸ਼ਾਹ ਸੰਗ੍ਰਾਮ ਤੇ ਜੀਤ ਮਲ ਵੀ, ਜੋ ਸਦਾ ਸਾਡੇ ਅੰਗ ਸੰਗ ਰਹਿੰਦੇ ਸਨ, ਇਸ ਜੁੱਧ ਵਿਚ ਸ਼ਹੀਦ ਹੋਏ ਹਨ। ਮੇਰੇ ਸਿੱਖ ਜੋ ਮੈਨੂੰ ਆਪਣੇ ਭਰਾਵਾਂ ਤੇ ਪੁੱਤਰਾਂ ਤੋਂ ਵਧ ਪਿਆਰੇ ਹਨ, ਸੈਂਕੜਿਆਂ ਦੀ ਗਿਣਤੀ ਵਿਚ ਸ਼ਹੀਦ ਹੋਏ ਹਨ। ਤੁਹਾਡੇ ਮੁਰੀਦ ਵੀ ਮੈਨੂੰ ਆਪਣੇ ਸਿੱਖਾਂ ਵਾਂਗ ਪਿਆਰੇ ਹਨ ਅਤੇ ਤੁਹਾਡੇ ਪੁੱਤਰਾਂ ਵਿਚ ਮੈਂ ਸ਼ਾਹ ਸੰਗ੍ਰਾਮ ਤੇ ਜੀਤ ਮਲ ਜੀ ਨੂੰ ਦੇਖਦਾ ਹਾਂ!'

"ਕਿਰਪਾ-ਨਿਧਾਨ ਸਤਿਗੁਰੂ ਜੀ ਨੇ ਖ਼ਜ਼ਾਨੇ ਵਿਚੋਂ ਪੰਜ ਹਜ਼ਾਰ ਰੁਪਏ ਮੰਗਵਾ ਕੇ ਪਰਸ਼ਾਦ ਦੇ ਤੌਰ ਤੇ ਮੁਰੀਦਾਂ ਨੂੰ ਬਖ਼ਸ਼ੇ। ਉਸੇ ਸਮੇਂ ਇਹ ਕੀਟ ਵੀ ਹਾਜ਼ਰ ਹੋਇਆ। ਜਦ ਦਾਸ ਚਰਨ-ਬੰਦਨਾ ਕਰ ਚੁੱਕਾ ਤਾਂ ਸਤਿਗੁਰਾਂ ਉਸ ਸਨਮਾਨ ਨਾਲ ਮੈਨੂੰ ਦਰਬਾਰ ਵਿਚ ਬੈਠਾਇਆ ਜਿਸ ਦੇ ਮੈਂ ਕਿਸੇ ਤਰ੍ਹਾਂ ਵੀ ਯੋਗ ਨਹੀਂ ਸੀ। ਗ਼ਰੀਬ-ਨਿਵਾਜ ਨੇ ਕੀਟ ਤੇ ਮਿਹਰ ਕੀਤੀ ਤੇ ਤਿੰਨ ਵਾਰੀ 'ਸਾਧੂ, ਸਾਧੂ, ਸਾਧੂ' ਕਿਹਾ ਅਤੇ ਜੋ ਸਭ ਤੋਂ ਵਧ ਕਿਰਪਾ ਉਨ੍ਹਾਂ ਨੇ ਕੀਤੀ," ਇਹ ਕਹਿੰਦਿਆਂ ਮਹੰਤ ਜੀ ਦੀਆਂ ਅੱਖਾਂ ਵਿਚ ਮੋਤੀਆਂ ਵਰਗੀ ਡਲ੍ਹਕ ਆਈ ਤੇ ਅਵਾਜ਼ ਗਦ ਗਦ ਹੋ ਉੱਠੀ, "ਉਹ ਇਹ ਸੀ ਕਿ ਸਾਹਿਬਾਂ ਆਪਣੇ ਵਾਸਤੇ ਰੱਖੀ ਰੇਸ਼ਮੀ ਦਸਤਾਰ ਮੇਰੇ ਸੀਸ ਉਤੇ ਬੰਨ੍ਹਵਾ ਦਿਤੀ ਅਤੇ ਫ਼ੁਰਮਾਇਆ, 'ਤੁਹਾਡੇ ਸੰਪ੍ਰਦਾ ਲਈ ਗੁਰੂ ਘਰ ਦਾ ਇਹ ਤਕਮਾ ਸਦਾ ਭੂਸ਼ਣ ਬਣਿਆ ਰਹੇਗਾ ਤੇ ਇਹ ਸਦਾ ਤੁਹਾਨੂੰ ਗੁਰੂ ਘਰ ਨਾਲ ਜੋੜੀ ਰਖੇਗਾ।' ਜਦ ਮੈਂ ਸੀਸ ਨਿਵਾਇਆ ਤਾਂ ਗੁਰੂ ਜੀ ਦੀ ਕਿਰਪਾ-ਦ੍ਰਿਸ਼ਟੀ ਪ੍ਰੋਹਿਤ ਦਯਾ ਰਾਮ ਜੀ ਤੇ ਹੋਈ। ਫ਼ੁਰਮਾਇਆ, 'ਦਯਾ ਰਾਮ ਜੀ, ਤੁਸੀਂ ਦਰੋਣਾਚਾਰਯ ਵਾਂਗ ਸੁੱਧ ਜੁੱਧ ਕੀਤਾ ਹੈ। ਤੁਹਾਡੀ, ਸਾਡੇ ਹੱਥ ਦਾ ਇਹ ਢਾਲਾ, ਸਦਾ ਪਾਲਣਾ ਕਰਦਾ ਰਹੇਗਾ। ਉੱਠੋ ਤੇ ਇਸ ਨੂੰ ਸੰਭਾਲੋ।' ਦਯਾ ਰਾਮ ਜੀ ਨੇ ਡੰਡੌਤ ਬੰਦਨਾ ਕਰ ਕੇ ਇਹ ਢਾਲਾ ਆਪਣੇ ਸਿਰ ਤੇ ਰੱਖ ਲਿਆ।

"ਇਸ ਤੋਂ ਮਗਰੋਂ ਤਿੰਨ ਭਰਾਵਾਂ ਗ਼ਾਜ਼ੀ ਗੁਲਾਬ, ਗੰਗਾ ਰਾਮ ਤੇ ਮਾਹਰੀ ਚੰਦ ਤੇ ਬਖ਼ਸ਼ਿਸ਼ਾਂ ਹੋਈਆਂ। ਬਾਕੀ ਜੋਧਿਆਂ ਨੂੰ ਸਿਰੋਪਾਓ ਮਿਲੇ। ਦੀਵਾਨ ਦੀ ਸੰਪੂਰਨਤਾ ਉਪਰੰਤ 'ਅਕਾਲ! ਅਕਾਲ!' ਦੇ ਨਾਹਰੇ ਗੂੰਜ ਉੱਠੇ ਤੇ ਰਣਜੀਤ ਨਗਾਰੇ ਦੀ ਘੁੰਮਕਾਰ ਨੇ ਜਮਨਾ ਦੇ ਜਲ, ਦੋਹਾਂ ਕੰਢਿਆਂ ਦੇ ਥਲ, ਅਤੇ ਬਣਾਂ ਸਮੇਤ ਪਹਾੜ ਥੱਰਾ ਦਿਤੇ।

"ਸਤਿਗੁਰੂ ਮਹੱਲਾਂ ਵਿਚ ਪਹੁੰਚੇ। ਪਰਸ਼ਾਦ ਛਕ ਕੇ ਆਰਾਮ ਕੀਤਾ। ਫੇਰ ਉੱਠ ਕੇ ਸਾਵਧਾਨ ਹੋਏ। ਬਦਲਣ ਲਈ ਕਕਰੇਜ਼ੀ ਰੰਗ ਦੀ ਦਸਤਾਰ ਮੰਗਾਈ। ਕੰਘੇ ਨਾਲ ਕੇਸ ਸਵਾਰ ਰਹੇ ਸਨ ਕਿ ਪੀਰ ਬੁੱਧੂ ਸ਼ਾਹ ਜੀ ਵਿਦਾ ਲੈਣ ਲਈ ਹਾਜ਼ਰ ਹੋਏ। ਅੱਲਾ ਦਾ ਨਾਂ ਲੈ ਕੇ ਸਲਾਮ ਕੀਤੀ ਤੇ ਬੇਨਤੀ ਕੀਤੀ, 'ਸੱਚੇ ਪਾਤਸ਼ਾਹ, ਮੈਨੂੰ ਵੀ ਤੁਹਾਡੇ ਦਰੋਂ ਬਖ਼ਸ਼ਸ਼ ਚਾਹੀਦੀ ਹੈ......'

"ਸਤਿਗੁਰਾਂ ਫ਼ੁਰਮਾਇਆ, 'ਪੀਰ ਜੀ, ਗੁਰੂ ਘਰ ਵਿਚ ਸਭ ਕੁਝ ਸਿੱਖਾਂ ਤੇ ਖ਼ੁਦਾ ਦੇ ਪਿਆਰਿਆਂ ਦਾ ਹੈ। ਜੋ ਚਾਹੋ ਹਾਜ਼ਰ ਹੈ।'

"ਤਾਂ, ਸਾਹਿਬੋ!' ਪੀਰ ਜੀ ਨੇ ਬੇਨਤੀ ਕੀਤੀ, 'ਆਪ ਕੰਘੇ ਵਿਚ ਆਪਣ ਕੇਸਾਂ ਸਮੇਤ ਇਹ ਕੰਘਾ ਆਪਣੀ ਯਾਦ ਦੇ ਤੌਰ ਤੇ ਬਖ਼ਸ਼ਸ਼ ਫ਼ਰਮਾਓ! ਮੈਂ ਇਹ ਮੰਗ ਕਰਨ ਦੇ ਲਾਇਕ ਤਾਂ ਨਹੀਂ.........'

"ਸਤਿਗੁਰਾਂ ਨੇ ਹੋਰ ਗੱਲ ਕਰਨ ਤੋਂ ਪਹਿਲਾ ਤਹਿ ਕੀਤੀ ਨਵੀਂ ਕਕਰੇਜ਼ੀ ਦਸਤਾਰ ਚੁੱਕ ਕੇ ਉੱਪਰ ਕੇਸਾਂ ਸਮੇਤ ਆਪਣਾ ਕੰਘਾ ਰੱਖ ਦਿਤਾ ਤੇ ਇਕ ਛੋਟੀ ਕਿਰਪਾਨ ਮੰਗਾ ਕੇ ਉਨ੍ਹਾਂ ਦੇ ਬਰਾਬਰ ਰੱਖ ਕੇ ਆਪਣੇ ਪਵਿੱਤਰ ਹੱਥਾਂ ਨਾਲ ਪੀਰ ਜੀ ਨੂੰ ਬਖ਼ਸ਼ੀ, ਜੋ ਪੀਰ ਜੀ



www.AKJ.Org

ਨੇ ਸਿਰ ਤੇ ਰੱਖ ਕੇ ਗ੍ਰਹਿਣ ਕੀਤੀ ਅਤੇ ਉਸੇ ਤਰ੍ਹਾਂ ਦਾਤਾਂ ਸਿਰ ਤੇ ਚੁੱਕੀ ਸੁਢੌਰੇ ਲਈ ਰਵਾਨਾ ਹੋਏ।"

ਮਹੰਤ ਕਿਰਪਾਲ ਜੀ ਨੇ ਅੰਤ ਵਿਚ ਕਿਹਾ, "ਇਹੋ ਜਹੇ ਅਸਚਰਜ ਕੌਤਕ ਸਨ, ਮੇਰੇ ਸਤਿਗੁਰੂ ਦੇ। ਉਨ੍ਹਾਂ ਨੇ ਅਨੰਦਪੁਰ ਵਿਚ ਧਰਮ-ਰੱਖਿਆ ਲਈ ਝੰਡਾ ਗੱਡਿਆ ਹੈ। ਓਹ ਕਿਲ੍ਹੇ ਬਣਵਾ ਰਹੇ ਹਨ। ਸਿਖੋ, ਵਹੀਰਾਂ ਪਾ ਦਿਓ। ਅਸਤਰ-ਸ਼ਸਤਰ ਤੇ ਘੋੜੇ ਲੈ ਕੇ ਪਹੁੰਚੋ। ਧਰਮ-ਰੱਖਿਆ ਵਿਚ ਸ਼ਾਮਲ ਹੋਵੋ। ਮਹਾਂਬੀਰ ਨਿਰਭੈ ਜੋਧੇ, ਕਲਗੀਧਰ ਸਾਡੇ ਗੁਰੂ ਹਨ।"

"ਧੰਨ ਗੁਰੂ! ਧੰਨ ਗੁਰੂ! ਧੰਨ ਗੁਰੂ!" ਦੀਆਂ ਅਵਾਜ਼ਾਂ ਸਾਧ ਸੰਗਤ ਵਿਚੋਂ ਉੱਠੀਆਂ। ਤੇ ਫੇਰ ਸੰਗਤ ਵਿਚੋਂ ਇਕ ਨੌਜੁਆਨ ਗਲੇ ਨੇ ਨਾਹਰਾ ਲਾਇਆ, "ਬੋਲੇ ਸੋ ਨਿਹਾਲ" ਤੇ ਉੱਤਰ ਵਿਚ ਸੈਂਕੜੇ ਨਰ-ਨਾਰੀਆਂ ਨੇ ਗੱਜ ਕੇ ਨਾਹਰਾ ਲਾਇਆ, "ਸਤਿ ਸ੍ਰੀ ਅਕਾਲ!" ਜਿਵੇਂ ਇਹ ਆਪਣੇ ਸਤਿਗੁਰੂ ਤੋਂ ਸਭ ਕੁਝ ਵਾਰਨ ਦਾ ਦ੍ਰਿੜ੍ਹ ਬਚਨ ਹੋਵੇ।

---

## ਸਿੰਘ ਸਭਾ ਸ਼ਤਾਬਦੀ ਕਮੇਟੀ ਵਲੋਂ ਨਰਸਰੀ ਸਕੂਲਾਂ ਲਈ ਪ੍ਰੇਰਨਾ

ਬੱਚੇ ਹੀ ਕੌਮਾਂ ਦੀ ਜਿੰਦ ਜਾਨ ਹੁੰਦੇ ਹਨ ਅਤੇ ਬੱਚਿਆਂ ਦੀ ਸਾਂਭ-ਸੰਭਾਲ ਗੁਰਮਤਿ-ਲੀਹਾਂ ਤੇ ਕਰਨ ਨਾਲ ਹੀ ਕੌਮ ਨੂੰ ਸੁਰਜੀਤ ਰਖਿਆ ਜਾ ਸਕਦਾ ਹੈ। ਸਾਨੂੰ ਇਹ ਜਾਣ ਕੇ ਅਤੀ ਪ੍ਰਸੰਨਤਾ ਹੋਈ ਹੈ ਕਿ ਸਿੰਘ ਸਭਾ ਸ਼ਤਾਬਦੀ ਕਮੇਟੀ ਸਿਖ-ਪਨੀਰੀ ਅਤੇ ਸਿਖ ਬੱਚਿਆਂ ਦੀ ਸੰਭਾਲ ਲਈ ਸਿੰਘ ਸਭਾਵਾਂ ਨੂੰ ਪਬਲਿਕ ਸਕੂਲਾਂ ਦੇ ਸਟੈਂਡਰਡ ਤੇ ਨਰਸਰੀ ਸਿਪ ਸਕੂਲ ਖੋਲ੍ਹਣ ਲਈ ਪ੍ਰੇਰਨਾ ਦੇ ਰਹੀ ਹੈ। ਇਸ ਤਰ੍ਹਾਂ ਦੇ ਤਿੰਨ ਸਕੂਲ ਆਗਰਾ (ਯੂ. ਪੀ.), ਗਰੀਡੀ (ਬਿਹਾਰ) ਅਤੇ ਸਿੰਘ ਸਭਾ ਮਾਡਲ ਟਾਊਨ ਦਿਲੀ ਵਲੋਂ ਗੁਰੂ ਤੇਗ ਬਹਾਦਰ ਨਰਸਰੀ ਸਕੂਲ ਖੋਲ੍ਹਣ ਦਾ ਉਦਮ ਕੀਤਾ ਗਿਆ ਹੈ।

ਉਪਰੋਕਤ ਉਦਮ ਸ਼ਲਾਘਾ ਯੋਗ ਹੈ, ਪਰ ਲੋੜ ਹੈ ਕਿ ਬੱਚਿਆਂ ਨੂੰ ਅਰੰਭ ਤੋਂ ਹੀ ਗੁਰਮੁਖੀ ਸਿਖਾਈ ਜਾਵੇ, ਗੁਰਬਾਣੀ ਰਹਿਤ-ਬਹਿਤ ਤੇ ਨਿਤਨੇਮ ਵਿਚ ਪਰਪੱਕ ਹੋਣ ਲਈ ਸਹਿਜੇ ਸਹਿਜੇ ਜੀਵਨ-ਜਾਚ ਸਿਖਾਈ ਜਾਵੇ। ਇਹ ਤਾਂ ਹੀ ਹੋ ਸਕਦਾ ਹੈ ਜੇ ਇਨ੍ਹਾਂ ਬੱਚਿਆਂ ਨੂੰ ਸੁਸਿਖਿਅਤ ਕਰਨ ਵਾਲੇ ਪਰਬੰਧਕ ਤੇ ਅਧਿਆਪਕ ਆਪ ਅੰਮ੍ਰਿਤਧਾਰੀ, ਰਹਿਤਵਾਨ, ਗੁਰਮਤਿ ਜੀਵਨੀ ਜੀਣ ਵਾਲੇ ਗੁਰਮੁਖ ਸਜਣ ਹੋਣ, ਜੋ ਕਿ ਆਪਣੀ ਜੀਵਨ-ਛੋਹ ਦੁਆਰਾ ਬੱਚਿਆਂ ਤੇ ਆਤਮਕ ਦ੍ਰਿਸ਼ਟੀ ਪਾ ਕੇ ਬੱਚਿਆਂ ਨੂੰ ਗੁਰਮਤਿ ਦੇ ਸਾਂਚੇ ਵਿਚ ਢਾਲ ਸਕਣ ਅਤੇ ਸਕੂਲ ਛਡਣ ਸਮੇਂ ਬੱਚੇ ਨਮੂਨੇ ਦੇ ਸਿੰਘ ਹੋਣ, ਜਿਥੇ ਉਹ ਜਾਣ, ਆਪਣੇ ਆਲੇ ਦੁਆਲੇ ਨੂੰ ਗੁਰਮਤਿ-ਸੁਗੰਧੀ ਨਾਲ ਸੁਗੰਧਤ ਕਰ ਦੇਣ। ਪਬਲਿਕ ਸਕੂਲਾਂ ਦੀ ਰੀਸ-ਘੜੀਸੇ ਨਗਨਪੁਣਾ, ਨਾਚ ਗਾਣੇ ਤੇ ਚੰਚਲ-ਪੁਣਾ ਅਤੇ ਬਨਾਉਟੀ ਸ਼ੋਖੀਆਂ ਸਿਖਾਣ ਨਾਲ ਸਿੱਖੀ ਜੀਵਨ ਨਹੀਂ ਬਣ ਸਕਦਾ।

---

## ਭਾਈ ਸਾਹਿਬ ਰਣਧੀਰ ਸਿੰਘ ਜੀ ਪੁਸਤਕ-ਫੰਡ ਨੂੰ ਸਹਾਇਤਾ

ਸ: ਬਲਬੀਰ ਸਿੰਘ ਜੀ, ੧੨੬-ਮਾਡਲ ਟਾਊਨ, ਲੁਧਿਆਣਾ ਤੋਂ ਇਤਲਾਹ ਦਿੰਦੇ ਹਨ ਕਿ ਹੇਠ ਲਿਖੇ ਪ੍ਰੇਮੀਆਂ ਵਲੋਂ ਭਾਈ ਸਾਹਿਬ ਜੀ ਦੇ ਪੁਸਤਕ-ਫੰਡ ਲਈ ਉਨ੍ਹਾਂ ਨੂੰ ਸਹਾਇਤਾ ਪੁਜੀ ਹੈ।

| | |
|---|---|
| ਪ੍ਰੋਫੈਸਰ ਉਦੈ ਸਿੰਘ ਜੀ ਸਡਬਰੀ (ਕੈਨੇਡਾ) ਵਲੋਂ | ੧੦੦੦-੦੦ |
| ਬੀਬੀ ਪ੍ਰੀਤਮ ਕੌਰ ਜੀ ਹਦੀਆਬਾਦ ਫਗਵਾੜਾ ਵਲੋਂ | ੨੫-੦੦ |

---

## ਸ੍ਰੀ ਗੁਰੂ ਗ੍ਰੰਥ ਸਾਹਿਬ ਮਿਸ਼ਨ ਟ੍ਰਸਟ ਵਲੋਂ ਪ੍ਰੋਗਰਾਮ

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰ ਗਦੀ ਨਸ਼ੀਨੀ ਦਾ ਗੁਰਪੁਰਬ ਦਿਵਸ ਅੰਬਾਲਾ ਛਾਉਣੀ ਵਿਖੇ ੧੩ ਤੋਂ ੧੫ ਨਵੰਬਰ ਤਕ ਮਨਾਇਆ ਜਾਏਗਾ। ਵੇਰਵੇ ਸਹਿਤ ਪ੍ਰੋਗਰਾਮ ਅਗਲੇ ਪਰਚੇ ਵਿਚ ਵੇਖੋ।**



www.AKJ.Org

# ਇਕ ਸਿਖ ਦੀ ਅਰਦਾਸ

[ ਵਲੋਂ :— ਡਾਕਟਰ ਰਜਨਿੰਦਰ ਸਿੰਘ ਜੀ, ਕਾਨਪੁਰ ]

ਇਨ੍ਹਾਂ ਨੇ ਹੁਣੇ ਹੁਣੇ ਡਾਕਟਰੀ ਪਾਸ ਕੀਤੀ ਹੈ। ਆਪਣੇ ਜੀਵਨ-ਆਦਰਸ਼ ਦੀ ਸਫ਼ਲਤਾ ਲਈ ਹੇਠ ਲਿਖੇ ਵਲਵਲੇ ਅਰਦਾਸ ਰੂਪ ਵਿਚ ਭੇਟ ਕਰਦੇ ਹਨ। [ਸੰਪਾਦਕ

ਹੇ ਸਚੇ ਪ੍ਰਾਤਸ਼ਾਹ, ਦੀਨ ਦਿਆਲ, ਕਿਰਪਾ ਨਿਧਾਨ, ਰਾਜਾਨ ਰਾਜ, ਦੇਵਾਨ ਦੇਵ, ਸ਼ਾਹਾਨ ਸ਼ਾਹ, ਕਾਦਰੇ ਹਰ ਕਾਰ ਅਤੇ ਬੇਕਸਾਂ ਰਾ ਯਾਰ,ਸੱਚੇ ਪਿਤਾ ਜੀਉ, ਕਰੋ ਕਿਰਪਾ, ਤਰੁਠੋ। ਕੀਟ ਨਿਮਾਣਾ ਹੈ, ਨਿਤਾਣਾ ਹੈ ਅਤੇ ਖਿਨ ਖਿਨ ਭੁਲਣਹਾਰ ਹੈ। ਜੀਉ ਜੀ, ਰੋਮ ਰੋਮ ਗੁਨਾਹਗਾਰ ਹੈ।

ਮੈਂ ਜੇਹਾ ਨ ਅਕਿਰਤਘਣ ਹੈ ਭਿ ਨ ਹੋਆ ਨ ਹੋਵਨਹਾਰਾ।
ਮੋ ਸਰ ਦੀਨ ਦਿਆਲ ਨ ਤੁਮ ਸਰ......।

ਸੋ ਸਤਿਗੁਰ ਜੀ, ਮਿਹਰਾਂ ਵਿਚ ਆ ਕੇ 'ਹਮਰੇ ਕਰਮ ਨ ਬਿਚਰੋ' ਕਿਉਂਕਿ ਸਾਡੇ ਖਤਿਆਂ ਦਾ ਕਿਛ ਅੰਤ ਅਤੇ ਪਾਰਾਵਾਰ ਨਹੀਂ ਹੈ।

ਦਯਾ ਦੇ ਸਾਗਰ ਜੀ, ਆਪ ਜੀ ਆਪਣੀ ਬਖ਼ਸ਼ਸ਼ ਦੇ ਭੰਡਾਰਾਂ ਵਿਚੋਂ ਇਕ ਵਰ ਬਖ਼ਸ਼ੋ। ਇਕੋ ਲਿਲ ਹੈ, ਇਕੋ ਹੀ ਆਸ ਹੈ, ਪਿਆਸ ਹੈ, ਬੇਨਤੀ ਹੈ, ਅਰਦਾਸ ਹੈ, ਇਕੋ ਚੀਜ਼ ਮੰਗਦਾ ਹਾਂ। ਬਸ ਇਕੋ ਸੇਵਾ, ਪੰਥ ਦੀ ਸੇਵਾ, ਨਿਸ਼ਕਾਮ ਸੇਵਾ, ਅਤੁਟ ਅਤੇ ਅਣਥਕ ਸੇਵਾ। ਬਸ ਜੀ ਲਗਾ ਰਹਾਂ, ਹੰਭਾਂ ਨਾ, ਕਦੀ ਥਕਾਂ ਨਾ। ਇਕ ਘੜੀ, ਇਕ ਖਿਨ, ਇਕ ਪਲ ਛਿਨ ਅਤੇ ਚਸਾ ਵੀ ਮੇਰਾ ਸੇਵਾ ਤੋਂ ਬਿਨਾਂ ਨ ਗੁਜ਼ਰੇ। ਮੇਰਾ ਖਾਣਾ ਪੀਣਾ, ਹੱਸਣਾ, ਸੌਣਾ, ਜਾਗਣਾ ਸਭ ਪੰਥ ਲਈ ਹੋਵੇ। ਮੇਰਾ ਰੋਮ ਰੋਮ, ਮੇਰਾ ਸਵਾਸ ਸਵਾਸ, ਮੇਰੀਆਂ ਹਡੀਆਂ, ਮੇਰਾ ਚੰਮ, ਮਾਸ, ਲਹੂ ਸੇਵਾ ਵਿਚ ਲਗ ਜਾਏ। ਜੇ ਜੀਵਾਂ ਤਾਂ ਪੰਥ ਲਈ, ਜੇ ਮਰਾਂ ਤਾਂ ਪੰਥ ਲਈ। ਆਪਣੇ ਨਿਜੀ ਸੁਆਰਥ ਲਈ ਕੁਝ ਨ ਕਰਾਂ।

ਪਰ ਸਚੇ ਪਾਤਸ਼ਾਹ ਜੀ, ਕੀ ਮੈਂ ਇਸ ਸੇਵਾ ਯੋਗ ਹਾਂ? ਕੀ ਮੈਂ ਇਹ ਸੇਵਾ ਨਿਭਾ ਸਕਾਂਗਾ? ਕਿਤੇ ਸੇਵਾ ਕਰਦਿਆਂ ਕੁਮਾਰਗ ਵਲ ਤਾਂ ਨਹੀਂ ਤੁਰ ਪਵਾਂਗਾ? ਕੀ ਮੈਂ ਖ਼ੁਦਗਰਜ਼ ਤਾਂ ਨਹੀਂ ਬਣ ਜਾਵਾਂਗਾ? ਮੇਰੀ ਬੁਧੀ ਤਾਂ ਅਤਿ ਤੁਛ ਹੈ, ਮਲੀਨ ਹੈ। ਉਸ ਤੇ ਵੀ ਮੋਹ ਮਾਇਆ ਦਾ ਪੜਦਾ, ਕਾਮ ਕ੍ਰੋਧ ਦਾ ਪ੍ਰਭਾਵ ਅਤੇ ਹਉਮੈ ਤੇ ਲੋਭ ਦਾ ਕਲਜੁਗੀ ਵਾਤਾਵਰਣ ਸਭ ਕੁਰਾਹੇ ਪਾਣ ਵਾਲਾ ਹੀ ਹੈ। ਸਾਹਿਬ ਜੀਉ,

ਅਸਾਂ ਜੋਰ ਨਾਹੀ ਜੇ ਕਿਛੁ ਕਰਿ ਹਮ ਸਾਕਹ,
ਜਿਉ ਭਾਵੈ ਤਿਵੈ ਬਖਸਿ ॥

ਮਿਹਰਾਂ ਦੇ ਸਮੁੰਦ ਜੀ, ਅਸੀਂ ਕਲਜੁਗੀ ਜੀਵ ਕੀ ਸਾਰ ਸੋਝੀ ਰਖ ਸਕਦੇ ਹਾਂ ਕਿ ਅਸਲ ਸੇਵਾ ਕੀ ਹੈ? ਗੁਰਮਤਿ ਕੀ ਹੈ ਅਤੇ ਦੁਰਮਤਿ ਤੇ ਮਨਮਤ ਕੀ? ਆਪ ਆਪਣੀ ਬਖ਼ਸ਼ਸ਼ ਅੰਦਰ, ਆਪਣੀ ਰਹਿਮਤ ਅੰਦਰ ਆਪਣੀ ਦਇਆ ਅਤੇ ਕਿਰਪਾ ਅੰਦਰ, ਤਰੁਠ ਕੇ ਮਿਹਰਾਂ ਦੇ ਘਰ ਵਿਚ ਆ ਕੇ ਇਸ ਸੇਵਾ ਦੇ ਕਾਰਜ ਦੀ ਅਗਵਾਈ ਕਰੋ।

ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ।

ਇਹ ਆਪ ਜੀ ਦਾ ਹੀ ਕਾਰਜ ਹੈ, ਆਪ ਜੀ ਨੇ ਹੀ ਕਰਨਾ ਹੈ ਅਤੇ ਆਪ ਜੀ ਤੋਂ ਹੀ ਹੋਣਾ ਹੈ। ਅਸਾਂ ਮੂਰਖ ਜੀਵਾਂ ਲਈ, ਸੰਸਾਰੀ ਜੀਵਾਂ ਲਈ ਇਹ ਮਾਰਗ ਬੜਾ ਬਿਖੜਾ ਹੈ, ਔਖਾ ਹੈ, ਉਕੱਾ ਦੇਣ ਵਾਲਾ ਹੈ। ਸੋ ਆਪ ਜੀ, ਘਟ ਅੰਦਰ ਗੁਰ-ਗਿਆਨ ਦਾ ਚਰਾਗ ਬਾਲ ਕੇ ਏਸ ਖੰਡੇ ਧਾਰ ਗਲੀ, ਕੰਡਿਆਲੀ ਤੇ ਅਤਿ ਭੀੜੀ ਵਿਚੋਂ ਲੰਘਣ ਦੀ ਸਾਰ ਸੋਝੀ ਬਖ਼ਸ਼ੋ।

ਸਚੇ ਗੁਰਦੇਵ ਜੀ, ਹਾਜ਼ਰ ਹਜ਼ੂਰ ਅਤੇ ਜ਼ਾਹਰ ਜ਼ਹੂਰ ਸਤਿਗੁਰੂ ਜੀ, ਅਜਿਹੀ ਬੁਧ ਬਖ਼ਸ਼ੋ ਕਿ ਇਹ ਸੇਵਾ ਨਿਸ਼ਕਾਮ ਰਹੇ, ਹਉਮੈ ਨੇੜੇ ਨ ਆਵੇ। ਮੈਨੂੰ ਆਪਣੇ ਜੋਗਾ ਬਣਾ ਲਵੋ ਜੀ। ਮੈਨੂੰ ਡੋਲਦੇ ਨੂੰ ਸਦਾ ਹੱਥ ਦੇ ਕੇ ਰਖੋ ਜੀ। ਮੇਰੇ ਅੰਦਰੋਂ ਦੂਈ ਦਾ ਅਭਾਵ ਕਰ ਦਿਓ ਅਤੇ ਖ਼ਲਕਤ ਦੀ ਸੇਵਾ ਕਰਦਿਆਂ ਮੈਂ ਤੇਰੇ ਹੀ ਦਰਸ਼ਨ ਕਰਦਾ ਰਹਾਂ ਤੇ ਗੁਣ ਗਾਂਦਾ ਰਹਾਂ।

ਬਸ ਜੀ ਇਹੋ ਹੀ ਮੰਗਦਾ ਹਾਂ, ਇਹੋ ਹੀ ਅਰਦਾਸ ਹੈ ਤੇ ਇਹੋ ਹੀ ਜੋਦੜੀ ਹੈ। ਮੈਨੂੰ ਜਿਵੇਂ ਕਿਵੇਂ ਇਸ ਯੋਗ ਬਣਾ ਲਵੋ ਜੀ—

ਨਖ ਸਿਸ ਲਉ ਸਗਲ ਅੰਗ ਰੋਮ ਰੋਮ ਕਰ
ਕਾਟ ਕਾਟ ਸਿਖਨ ਕੇ ਚਰਨ ਪਰ ਵਾਰੀਐ।



www.AKJ.Org

## (੧) ਮਾਨਯਵਰ ਬਾਊ ਮਲ ਸਿੰਘ ਜੀ ਵਲੋਂ ਪਰਦੇਸੀ ਵੀਰਾਂ ਦਾ ਧੰਨਵਾਦ

ਗੁਰਸਿਖੀ ਪਿਆਰ ਵਾਲੇ ਪਰਦੇਸਾਂ ਵਿਚ ਵਸਣ ਵਾਲੇ ਗੁਰੂ ਕੇ ਲਾਲ ਸਮੇਂ ਸਮੇਂ ਭਾਈ ਸਾਹਿਬ ਰਣਧੀਰ ਸਿੰਘ ਜੀ ਰਚਿਤ ਪੁਸਤਕਾਂ ਦੀ ਛਪਾਈ ਲਈ ਅਤੇ ਮਾਸਕ ਪੱਤਰ ਸੂਰਾ ਦੀ ਸਹਾਇਤਾ ਲਈ ਮਾਇਆ ਭੇਜਦੇ ਰਹਿੰਦੇ ਹਨ, ਜਿਸ ਦਾ ਵੇਰਵਾ 'ਸੂਰਾ' ਪੱਤਰ ਵਿਚ ਦਿਤਾ ਜਾਂਦਾ ਰਹਿੰਦਾ ਹੈ। ਹੁਣੇ ਜਿਹੇ ਗੁਰੂ-ਪਿਆਰੇ ਸਰਦਾਰ ਅਵਤਾਰ ਸਿੰਘ ਜੀ ਨਿਊ ਜਰਸੀ (ਅਮਰੀਕਾ) ਵਲੋਂ, ਪੁਸਤਕ-ਫੰਡ ਲਈ ਸ਼ੁਭ ਦਾਨ ਇਕ ਹਜ਼ਾਰ ਡਾਲਰ ਪੁਜੇ ਹਨ। ਇਨ੍ਹਾਂ ਵਲੋਂ ਪਿਛਲੇ ਸਾਲ ਵੀ ਪੁਸਤਕ ਫੰਡ ਲਈ ਪੰਜ ਸੌ ਡਾਲਰ ਪੁਜੇ ਸਨ। ਇਸੇ ਤਰ੍ਹਾਂ ਇੰਗਲੈਂਡ ਨਿਵਾਸੀ ਅਖੰਡ ਕੀਰਤਨੀ ਜਥਿਆਂ ਵਲੋਂ ਸ: ਬੰਤਾ ਸਿੰਘ ਜੀ ਰੀਹਲ ਅਤੇ ਸ: ਹਰਬਖਸ਼ ਸਿੰਘ ਜੀ ਰਾਹੀਂ ਪੰਜ ਸੌ ਦੋ ਪੌਂਡ ਅਤੇ ਪੰਜਾਹ ਪੌਂਡ ਮਾਇਆ ਪੁਜੀ ਸੀ।

ਇਨ੍ਹਾਂ ਮਹਾਂ ਦਾਨੀ, ਗੁਰਮੁਖ ਪਿਆਰੇ, ਗੁਰਸਿਖਾਂ, ਪਰਦੇਸੀ ਵੀਰਾਂ ਦਾ ਬਹੁਤ ਬਹੁਤ ਧੰਨਵਾਦ ਹੈ, ਜੋ ਕਿ ਗੁਰਸਿਖੀ ਨੂੰ ਪਰਫੁਲਤ ਕਰਨ ਲਈ ਗੁਰਮਤਿ ਪਰਚਾਰ ਹਿਤ ਵਧ ਤੋਂ ਵਧ ਉਦਮ ਕਰ ਕੇ ਸਹਾਇਤਾ ਭੇਜਦੇ ਰਹਿੰਦੇ ਹਨ। ਸਤਿਗੁਰੂ ਇਨ੍ਹਾਂ ਸਭ ਪਰਦੇਸੀ ਗੁਰਮੁਖਾਂ ਨੂੰ ਸਿਖੀ ਸਿਦਕ, ਨਾਮ ਦਾਨ ਤੇ ਰਾਜ-ਜੋਗ ਬਖ਼ਸ਼ੇ ਜੀ।

## (੨) ਸੱਦਾ ਪੱਤਰ ਭੇਜਣ ਵਾਲੇ ਗੁਰਮੁਖਾਂ ਪਾਸ ਬੇਨਤੀ

ਸ੍ਰੀ ਮਾਨ ਬਾਊ ਮਲ ਸਿੰਘ ਜੀ ਦੀ ਆਯੂ ਇਸ ਵੇਲੇ ੯੫ ਵਰ੍ਹੇ ਤੋਂ ਟਪ ਚੁਕੀ ਹੈ। ਆਪ ਜੀ ਨੇ ਆਪਣੀ ਆਯੂ ਵਿਚ ਹੁਣ ਤਕ ਅਣਥਕ ਸੇਵਾ ਨਿਭਾਈ ਹੈ ਅਤੇ ਹਜ਼ਾਰਾਂ ਪ੍ਰਾਣੀਆਂ ਨੂੰ ਪੰਜਾਂ ਪਿਆਰਿਆਂ ਦੁਆਰਾ ਅੰਮ੍ਰਿਤ ਛਕਾ ਕੇ ਸਤਿਗੁਰੂ ਦੇ ਲੜ ਲਾਇਆ ਤੇ ਜੀਅ-ਦਾਨ ਦਿਵਾਇਆ ਹੈ। ਅਨੇਕਾਂ ਗੁਰਮੁਖਾਂ ਦੇ ਕਾਰਜ ਆਪ ਜੀ ਦੀਆਂ ਅਰਦਾਸਾਂ ਦਾ ਸਦਕਾ ਪੂਰੇ ਹੋਏ ਹਨ। ਇਹ ਅਦੁਤੀ ਸੇਵਾ ਸਤਿਗੁਰਾਂ ਨੇ ਆਪ ਬਖ਼ਸ਼ਸ਼ ਕਰ ਕੇ ਉਨ੍ਹਾਂ ਪਾਸੋਂ ਲਈ ਹੈ।

ਬਾਊ ਜੀ ਸਮੂੰਹ ਸੰਗਤਾਂ ਪਾਸ ਬਿਨੈ ਕਰਦੇ ਹਨ ਕਿ—

"ਮੇਰੀ ਆਯੂ ਹੁਣ ਜ਼ਿਆਦਾ ਹੋ ਚੁਕੀ ਹੈ। ਭਾਵੇਂ ਮੇਰਾ ਹੱਠ ਤੇ ਹੌਸਲਾ ਗੁਰੂ-ਕਿਰਪਾ ਨਾਲ ਪਹਿਲਾਂ ਵਾਂਗ ਹੀ ਕਾਇਮ ਹੈ, ਪਰ ਪੰਜ-ਭੂਤਕੀ ਸਰੀਰ ਆਖ਼ਰ ਸਰੀਰ ਹੀ ਹੈ। ਹੁਣ ਸਿਹਤ ਬਹੁਤੀ ਖੇਚਲ ਕਰਨ ਦੀ ਆਗਿਆ ਨਹੀਂ ਦਿੰਦੀ। ਇਸ ਲਈ ਸੰਗਤਾਂ ਖਿਮਾ ਬਖ਼ਸ਼ਣ ਅਤੇ ਸਾਰੇ ਥਾਈਂ ਪੁਜਣ ਲਈ ਮਜਬੂਰ ਨਾ ਕਰਨ। ਸੰਗਤਾਂ ਮੇਰੀ ਆਯੂ ਤੇ ਸਿਹਤ ਦਾ ਖ਼ਿਆਲ ਰਖਣ। ਜੇ ਕਿਸੇ ਥਾਂ ਸਰੀਰ ਕਰ ਕੇ ਮੈਂ ਹਾਜ਼ਰੀ ਨਾ ਭਰ ਸਕਾਂ ਤਾਂ ਉਥੋਂ ਦੇ ਗੁਰਮੁਖ ਪਿਆਰੇ ਮੇਰੀ ਮਜਬੂਰੀ ਕਾਰਨ ਖਿਮਾ ਬਖ਼ਸ਼ਣ। ਮੇਰਾ ਮਨ ਸਦਾ ਆਪ ਸੰਗਤਾਂ ਦੇ ਸੰਗ-ਸਾਥ ਹੈ ਜੀ। ਸਾਧ ਸੰਗਤ ਹੀ ਮੇਰੀ ਓਟ ਤੇ ਆਸਰਾ ਹੈ, ਜੀਵਨ-ਅਧਾਰ ਹੈ ਅਤੇ ਮੇਰੇ ਪ੍ਰਾਣ ਸਖਾਈ ਹੈ।

**ਸੰਗਤਾਂ ਦਾ ਲਾਲਾ ਗੋਲਾ—ਮੱਲ ਸਿੰਘ**

---

## ਸੂਰਾ ਮਾਸਕ ਪੱਤਰ ਨੂੰ ਸਹਾਇਤਾ

| | |
|---|---|
| ਸ: ਮਾਨ ਸਿੰਘ ਜੀ, ਭਾਟੀਆ ਸਟੋਰ, ਡਿਗਵਦੀ ਬਜ਼ਾਰ, ਜੀਅਲ ਗੋਰਾ, ਧਨਵਾਦ ਵਲੋਂ | ੧੧-੦੦ |
| ਸ: ਜਗਤਾਰ ਸਿੰਘ ਜੀ, ਤਿਲਕ ਨਗਰ, ਨਵੀਂ ਦਿਲੀ ਵਲੋਂ ਬੱਚੇ ਦੀ ੧੯ਵੀਂ ਬਰਸੀ ਦੇ ਭੋਗ ਸਮੇਂ | ੧੧-੦੦ |
| ਸ: ਅਜਮੇਰ ਸਿੰਘ ਜੀ, ਰਈਆ ਮੰਡੀ ਵਲੋਂ ਅਨੰਦ ਕਾਰਜ ਸਮੇਂ C/o ਕਰਨਲ ਦਲਜੀਤ ਸਿੰਘ ਜੀ | ੫੧-੦੦ |
| ਸ: ਜੋਗਿੰਦਰ ਸਿੰਘ ਜੀ, ਆਲਮ ਬਾਗ ਲਖਨਊ ਵਲੋਂ ਬੱਚੀ ਦਲਜੀਤ ਕੌਰ ਦੇ ਅਨੰਦ ਕਾਰਜ ਸਮੇਂ | ੧੧-੦੦ |
| ਹਕੀਮ ਖ਼ਜ਼ਾਨ ਸਿੰਘ ਜੀ ਚੋਲਟਾ ਕਲਾਂ ਵਲੋਂ ਉਨ੍ਹਾਂ ਦੇ ਸਪੁੱਤਰ ਸ: ਗੁਰਦੀਪ ਸਿੰਘ ਦੇ ਅਨੰਦ ਕਾਰਜ ਸਮੇਂ | ੫੦-੦੦ |
| ਸ: ਹਰਭਜਨ ਸਿੰਘ ਜੀ ਗਿਲ ਇੰਗਲੈਂਡ ਵਲੋਂ | ੧੯-੦੦ |
| ਇਕ ਬੀਬੀ ਜੀ, ਜਲੰਧਰ ਤੋਂ | ੧੦-੦੦ |
| ਸ: ਸਰਵਣ ਸਿੰਘ ਜੀ ਚੰਡੀਗੜ੍ਹ ਤੋਂ ਭੁਜੰਗੀ ਸੁਰਿੰਦਰ ਸਿੰਘ ਦੀ ਪਹਿਲੀ ਤਨਖਾਹ ਮਿਲਣ ਤੇ | ੧੦-੦੦ |
| ਸ: ਹਰਨਾਮ ਸਿੰਘ ਜੀ ਜੈਪੁਰ ਵਲੋਂ ਸ: ਪ੍ਰਕਾਸ਼ ਸਿੰਘ ਤੇ ਬੀਬੀ ਤੇਜਿੰਦਰ ਕੌਰ ਦੇ ਅਨੰਦ ਕਾਰਜ ਸਮੇਂ | ੩੧-੦੦ |
| ਬੀਬੀ ਮਹਿੰਦਰਕੌਰ ਜੀ ਇੰਦੌਰ ਵਲੋਂ ਸ: ਹਰਬੰਸਸਿੰਘ ਜੀ ਦੇ ਅਕਾਲ ਚਲਾਣੇ ਦੇ ਰਖੇ ਗਏ ਪਾਠ ਦੇ ਭੋਗ ਸਮੇਂ | ੨੦-੦੦ |

ਦਾਤਾਰ ਪਿਤਾ ਸਭਸ ਨੂੰ ਨਾਮ ਦਾਨ ਤੇ ਚੜ੍ਹਦੀਆਂ ਕਲਾਂ ਬਖ਼ਸ਼ਣ। ਦਾਸ—ਮੈਨੇਜਰ ਸੂਰਾ

www.AKJ.Org

# ਨਿਗੁਰਾ

[ ਵਲੋਂ :— ਗਿਆਨੀ ਗੋਪਾਲ ਸਿੰਘ 'ਮਿਤਰ' ਮਾਲਬ, ਜ਼ਿਲਾ ਗੁੜਗਾਉਂ (ਹਰਿਆਨਾ) ]

ਗੁਰਬਾਣੀ ਦਾ ਫ਼ੁਰਮਾਨ ਹੈ—

"ਸਤਿਗੁਰ ਬਾਝਹੁ ਗੁਰੁ ਨਹੀ ਕੋਈ,
ਨਿਗੁਰੇ ਕਾ ਹੈ ਨਾਉ ਬੁਰਾ।"
[ਆਸਾ ਮ: ੩, ਪਟੀ

ਨਿਗੁਰਾ ਉਹ ਮਨੁਖ ਹੈ ਜਿਸ ਨੇ ਗੁਰ-ਉਪਦੇਸ਼ ਪ੍ਰਾਪਤ ਨਹੀਂ ਕੀਤਾ ਜਾਂ ਜਿਹੜਾ ਕੋਈ ਬਜਰ ਕੁਰਹਿਤ ਕਰ ਕੇ ਪਤਿਤ ਹੋ ਗਿਆ ਹੋਵੇ, ਉਹ ਗੁਰੂ ਤੋਂ ਬੇਮੁਖ ਹੈ, ਗੁਰੂ ਤੋਂ ਵਾਂਝਿਆ ਗਿਆ ਹੈ।

ਸੰਸਾਰ ਵਿਚ ਫੈਲੇ ਹੋਏ ਹਰ ਧਰਮ ਦੇ ਪੰਧਾਊ ਵਾਸਤੇ ਉਸ ਦੇ ਰਾਹਬਰਾਂ, ਮੁਰਸ਼ਦਾਂ, ਗੁਰੂਆਂ, ਅਵਤਾਰਾਂ ਨੇ ਆਪਣੇ ਆਪਣੇ ਉਚ ਵੀਚਾਰਾਂ ਦੁਆਰਾ ਕੁਝ ਅਸੂਲ ਨਿਯਮ-ਬੱਧ ਕੀਤੇ ਹੋਏ ਹਨ ਜਿਨ੍ਹਾਂ ਨੂੰ ਉਸ ਧਰਮ ਜਾਂ 'ਪੰਥ' ਦੀ ਧਾਰਮਕ ਮਰਿਆਦਾ ਕਿਹਾ ਜਾ ਸਕਦਾ ਹੈ ਤੇ ਉਨ੍ਹਾਂ ਅਸੂਲਾਂ ਨੂੰ ਪੜ੍ਹ ਸੁਣ ਕੇ ਅਮਲ ਕਰਨ ਨਾਲ ਉਸ ਧਰਮ ਦਾ ਧਾਰਨੀ ਅਖਵਾਇਆ ਜਾਂਦਾ ਹੈ ਜਿਵੇਂ— ਹਿੰਦੂ ਧਰਮ ਦੇ ਸ਼ਾਸਤ੍ਰਾਂ ਅਨੁਸਾਰ 'ਯਗਯੋ ਪਵੀਤ' (ਜਨੇਊ) ਤੇ ਚੋਟੀ ਚਿੰਨ੍ਹ ਧਾਰਨ ਕਰਨ ਵਾਲਾ ਹੀ ਹਿੰਦੂ ਅਖਵਾਣ ਦਾ ਹਕਦਾਰ ਹੈ। ਇੰਜ ਹੀ ਇਸਲਾਮ ਧਰਮ ਵਿਚ ਜਦ ਤਕ ਸੁੰਨਤ ਨਹੀਂ ਕੀਤੀ ਜਾਂਦੀ ਤਦ ਤੀਕ ਸ਼ਰਈ ਲੋਕ ਉਸ ਨੂੰ ਮੁਸਲਮਾਨ ਹੀ ਨਹੀਂ ਮੰਨਦੇ।

ਸਿਖ ਧਰਮ ਵਿਚ 'ਪਾਹੁਲ', ਭਾਵ ਖੰਡੇ ਦਾ ਅੰਮ੍ਰਿਤ ਪਾਨ ਕਰਨ ਦੀ ਮਰਿਆਦਾ ਹੈ। ਕੋਈ ਵੀ ਕੇਸਾਧਾਰੀ, ਚਾਹੇ ਉਹ ਗੁਰੂ-ਦਰਬਾਰ ਦਾ ਨਿਤਨੇਮੀ, ਸਤ ਸੰਗੀ, ਪੰਜੇ ਬਾਣੀਆਂ ਪੜ੍ਹਨ ਵਾਲਾ ਵੀ ਹੋਵੇ, ਪੰਜ ਕਰਾਰਾਂ ਦਾ ਧਾਰਨੀ ਹੋਵੇ, ਪਰ ਜੇਕਰ ਉਸ ਨੇ ਗੁਰ-ਹੁਕਮਾਂ ਅਨੁਸਾਰ ਪੰਜ ਪਿਆਰਿਆਂ ਤੋਂ ਖੰਡੇ-ਧਾਰ ਪਾਹੁਲ ਦੀ ਦਾਤ ਪ੍ਰਾਪਤ ਨਹੀਂ ਕੀਤੀ ਤਾਂ ਉਹ ਅਜੇ ਗੁਰੂ ਵਾਲਾ ਨਹੀਂ ਬਣਿਆ। ਪੰਜ ਪਿਆਰਿਆਂ ਰਾਹੀਂ ਅੰਮ੍ਰਿਤ-ਨਾਮ ਦੀ ਪ੍ਰਾਪਤੀ ਹੋ ਕੇ ਜੀਅ-ਦਾਨ ਮਿਲਣਾ ਹੈ। ਨਾਮ ਦੀ ਦਾਤ ਪ੍ਰਾਪਤ ਹੋਏ ਤੋਂ ਬਿਨਾਂ ਉਹ ਅਗਿਆਨਤਾ ਦਾ ਅੰਧੇਰਾ ਹੀ ਢੋਅ ਰਿਹਾ ਹੈ ਅਤੇ ਅੰਤ ਨੂੰ ਉਸ ਨੇ ਜਮਕਾਲ ਦੇ ਵਸ ਪੈਣਾ ਹੈ। ਹੁਕਮ ਹੈ—

ਬਾਝੁ ਗੁਰੂ ਹੈ ਅੰਧ ਅੰਧਾਰਾ॥
ਜਮਕਾਲਿ ਗਰਠੇ ਕਰਹਿ ਪੁਕਾਰਾ॥
ਅਨਦਿਨੁ ਰੋਗੀ ਬਿਸ਼ਟਾ ਕੇ ਕੀੜੇ,
ਬਿਸਟਾ ਮਹਿ ਦੁਖੁ ਪਾਵਣਿਆ॥
[ਮਾਝ ਮ: ੩

ਦਸਮ ਪਾਤਸ਼ਾਹ ਜੀ ਦੇ ਹਜ਼ੂਰੀ ਕਵੀ ਭਾ: ਨੰਦ ਲਾਲ ਜੀ ਤਾਂ ਇਥੋਂ ਤਕ ਕਹਿੰਦੇ ਹਨ ਕਿ ਨਿਗੁਰੇ ਪੁਰਸ਼ ਦਾ ਨਾਂ ਜ਼ਬਾਨ ਤਕ ਵੀ ਨਹੀਂ ਲਿਆਉਣਾ ਚਾਹੀਦਾ ਹੈ—

ਨਾਮੇ ਬੇਮੁਰਸ਼ਦ ਮਯਾਵਰ ਬਰ ਜ਼ੁਬਾਂ।੪੦੭।
[ਜ਼ਿੰਦਗੀਨਾਮਾ

ਸਮੇਂ ਦੇ ਮਾੜੇ ਪ੍ਰਭਾਵ ਕਾਰਨ ਅਜਿਹਾ ਵਾਤਾਵਰਨ ਬਣ ਗਿਆ ਹੈ ਕਿ ਜਦੋਂ ਵੀ ਕਿਸੇ ਕੇਸਾਧਾਰੀ ਪ੍ਰੇਮੀ ਨੂੰ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਦੀ ਪ੍ਰੇਰਨਾ ਕੀਤੀ ਜਾਵੇ ਤਾਂ ਅਗੋਂ ਜੁਆਬ ਮਿਲਦਾ ਹੈ, 'ਰਹਿਤ ਨਿਭਾਉਣੀ ਔਖੀ ਹੈ।' ਭਾਵ ਰਹਿਤ ਨਿਭਾਉਣ ਤੋਂ ਡਰਦਿਆਂ ਹੋਇਆਂ 'ਨਿਗੁਰਾ' ਰਹਿਣਾ ਚੰਗਾ ਹੈ। ਅੰਮ੍ਰਿਤ ਪਾਨ ਕਰ ਕੇ ਗੁਰੂ ਵਾਲਾ ਬਣਨ ਤੋਂ ਅਜ ਕਲ੍ਹ ਦੇ ਸਿਖ, ਸੰਕੋਚ ਕਰਦੇ ਹੋਏ ਹੀ ਹੁਜਤਾਂ ਤੇ ਦਲੀਲਾਂ ਘੜਦੇ ਹਨ।

ਪਰ ਇਹ ਸਭ ਢੁਚਰਾਂ ਉਨਾ ਚਿਰ ਹੀ ਹਨ ਜਿੰਨਾ ਚਿਰ ਉਹ ਕਲਜੁਗੀ ਪ੍ਰਭਾਵਾਂ ਹੇਠ ਖਾਣ-ਪਾਣ ਤੇ ਹੋਰ ਰਸਾਂ ਕਸਾਂ ਵਿਚ ਫਸੇ ਹੋਏ ਹਨ। ਜੇ ਉਹ ਇਸ ਸਿਖੀ ਮਾਰਗ ਦੇ ਰਸ ਨੂੰ ਗੁਰੂ ਵਾਲੇ ਹੋ ਕੇ ਚਖਣ ਤਾਂ ਫਿਰ ਉਨ੍ਹਾਂ ਭੁਲੜਾਂ ਨੂੰ ਸੋਝੀ ਆਵੇਗੀ ਅਤੇ ਇਹ ਕਲਜੁਗੀ ਰਸ ਫਿਕੇ ਫਿਕੇ ਦਿਸਣ ਲਗ ਪੈਣਗੇ। ਪਹਿਲਾਂ ਤਾਂ ਆਪਣਾ ਸਭ ਕੁਝ ਗੁਰੂ ਕੀ ਭੇਟ ਕਰ ਕੇ, ਗੁਰੂ-ਦਸੀ ਰਹਿਤ ਬਹਿਤ ਤੇ ਗੁਰਸਿਖੀ ਬਾਣਾ ਧਾਰਨ ਕਰਨ ਲਗਿਆਂ ਉਨ੍ਹਾਂ ਨੂੰ ਅਲੂਣੀ ਸਿਲਾ ਜਾਪੇਗੀ, ਪਰ ਜਦੋਂ



www.AKJ.Org

ਉਹ ਇਸ ਸਿਖੀ ਦੇ ਮਾਰਗ ਤੇ ਤੁਰ ਪੈਣਗੇ ਤਾਂ ਉਹ ਔਖੀ ਘਾਟੀ ਨਹੀਂ, ਸਗੋਂ ਅਨੰਦ-ਜਨਕ ਖੇੜੇ ਭਰਪੂਰ ਸੁਗਮ ਫੁਲਵਾੜੀ ਵਾਲਾ ਮਾਰਗ ਹੋ ਨਿਬੜੇਗਾ।

ਕਲਗੀਧਰ ਪਿਤਾ ਜੀ ਨੇ ਜੋ ਰਹਿਤ-ਬਹਿਤ, ਗੁਰਸਿਖੀ ਬਾਣਾ ਤੇ ਨਾਮ ਦੀ ਗੁੜ੍ਹਤੀ ਆਪਣੇ ਗੁਰਸਿਖਾਂ ਨੂੰ ਬਖਸ਼ੀ ਹੈ, ਉਹ ਐਵੇਂ ਬੇਅਰਥ ਨਹੀਂ; ਸਗੋਂ ਸਰੀਰਕ ਤੇ ਆਤਮਕ ਲੋੜਾਂ ਅਨੁਸਾਰ ਸੁਖਦਾਇਕ ਤੇ ਢੁਕਵੀਂ ਹੈ ਅਤੇ ਮਨੁੱਖ ਨੂੰ ਪੂਰਨ ਪਦ ਤਕ ਪਹੁੰਚਾਂਦੀ ਹੈ।

ਸੋ ਗੁਰੂ ਕੇ ਸਿਖੋ, ਗੁਰੂ-ਹੁਕਮ ਦੀ ਪਾਲਨਾ ਕਰੋ ਇਨ੍ਹਾਂ ਹੁਜਤਾਂ ਤੇ ਫੋਕੀਆਂ ਦਲੀਲਾਂ ਤੋਂ ਉੱਚੇ ਉਠ ਕੇ ਤਿਆਰ-ਬਰ-ਤਿਆਰ ਗੁਰੂ ਕੀਆਂ ਲਾਡਲੀਆਂ ਫੌਜਾਂ ਵਿਚ ਸ਼ੁਮਾਰ ਹੋਵੋ, ਨਿਗੁਰੇ ਨਾ ਰਹੋ। ਅੰਮ੍ਰਿਤ ਪਾਨ ਕਰ ਕੇ ਸਗੁਰੇ ਬਣ ਕੇ ਆਵਾਗਉਣ ਤੋਂ ਛੁਟਕਾਰਾ ਪਾਉਗੇ। ਨਿਗੁਰੇ ਨੂੰ ਜੰਮਣ-ਮਰਨ ਦੇ ਗੇੜ ਤੋਂ ਖਲਾਸੀ ਨਹੀਂ ਪ੍ਰਾਪਤ ਹੁੰਦੀ। ਗੁਰਵਾਕ ਹੈ—

ਸੋ ਨਿਗੁਰਾ ਜੋ ਮਰਿ ਮਰਿ ਜੰਮੈ,
ਨਿਗੁਰੇ ਆਵਣ ਜਾਵਣਿਆ॥
[ਮਾਝ ਮ: ੩

ਨਿਗੁਰੇ ਕਉ ਗਤਿ ਕਾਈ ਨਾਹੀ॥
ਅਵਗੁਣਿ ਮੁਠੇ ਚੋਟਾ ਖਾਹੀ॥
[ਆਸਾ ਮ: ੩

---

# 'ਸ੍ਰੀ ਗੁਰੂ ਗ੍ਰੰਥ ਵਿਚਾਰ ਸਮਾਗਮ' ਬਾਰੇ

ਸਿੰਘ ਸਭਾ ਸ਼ਤਾਬਦੀ ਕਮੇਟੀ ਵਲੋਂ "ਸ੍ਰੀ ਗੁਰੂ ਗ੍ਰੰਥ ਵਿਚਾਰ ਸਮਾਗਮ" ਆਦਿ ਬੀੜ ਦੇ ਪਹਿਲੇ ਪ੍ਰਕਾਸ਼ ਉਤਸ਼ਵ ਸਮੇਂ, ੧੬ ਸਤੰਬਰ ਤੋਂ ਤਿੰਨ ਦਿਨ ਪਹਿਲਾਂ ਤੋਂ ਅਰੰਭਿਆ ਜਾ ਰਿਹਾ ਹੈ। ਇਸ ਵਿਚ ਪੰਥ ਦੇ ਚੋਣਵੇਂ ਵਿਚਾਰਵਾਨਾਂ ਤੇ ਗੁਰਮਤਿ-ਗਿਆਨੀਆਂ ਤੋਂ ਇਲਾਵਾ ਵਿਸ਼ੇਸ਼ੱਗ ਵਿਦਵਾਨ ਵੀ ਸ਼ਾਮਲ ਹੋ ਰਹੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜੀਂਦੇ ਪਾਠ-ਭੇਦਾਂ, ਸ਼ੁੱਧ ਅਸ਼ੁੱਧ ਉਚਾਰਨਾਂ, ਸ਼ਬਦਾਰਥ ਬਾਰੇ ਮਤਭੇਦਾਂ, ਬੇਲੋੜੇ ਥਾਵਾਂ ਤੇ ਬਿਸਰਾਮਾਂ ਆਦਿ ਬਾਰੇ ਵਿਚਾਰ ਕਰਨੀ ਅਤੇ ਉਨ੍ਹਾਂ ਦੇ ਸਹੀ ਹਲ ਲਭਣੇ ਇਸ ਸਮਾਗਮ ਦਾ ਮੁਖ ਮੰਤਵ ਹੈ।

ਚੋਣਵੇਂ ਵਿਦਵਾਨਾਂ ਦੀਆਂ, ਗੁਰਬਾਣੀ ਦੀ ਵਿਆਖਿਆ ਲਈ ਕਈ ਭਾਂਤੀਆਂ ਲੱਭਤਾਂ ਨੂੰ ਸੰਗਤਾਂ ਵਿਚ ਸਾਂਝੀਆਂ ਕਰਨ ਲਈ, ਇਹ ਸਮਾਗਮ ਕੀਤਾ ਜਾ ਰਿਹਾ ਹੈ। ਅਪੀਲ ਕੀਤੀ ਹੈ ਕਿ ਸਮਾਗਮ ਵਿਚ ਪੁਜਣ ਵਾਲੇ ਸ੍ਰੋਤਾ ਤੇ ਵਕਤਾ ਅਤੇ ਸੰਸਥਾਵਾਂ ਦੇ ਪ੍ਰਤੀਨਿਧ ਅਜਿਹੀ ਬਿਰਤੀ ਦੇ ਹੋਣ ਜੋ ਵਿਚਾਰ-ਚਰਚਾ ਵਿਚ ਵਾਦੀਆਂ ਵਾਂਗ ਨਹੀਂ, ਵਿਚਾਰਵਾਨਾਂ ਵਾਂਗ ਹਿੱਸਾ ਲੈ ਸਕਦੇ ਹੋਣ ਅਤੇ ਸਮਾਗਮ ਵਿਚ ਪੜ੍ਹੇ ਜਾਣ ਵਾਲੇ ਖੋਜ-ਪੱਤਰਾਂ ਤੋਂ ਨੋਟ ਲੈ ਕੇ ਵਖ ਵਖ ਸੰਸਥਾਵਾਂ ਤੇ ਹੋਰਨਾਂ ਨੂੰ ਜਾਣੂ ਕਰਾ ਸਕਣ ਅਤੇ ਉਨ੍ਹਾਂ ਦੇ ਭੁਲੇਖੇ ਦੂਰ ਕਰ ਸਕਣ।

ਖੋਜ-ਪੱਤਰ ਪੜ੍ਹਨ ਵਾਲੇ ਸਜਣ ਸੰਬੰਧਤ ਪ੍ਰਸ਼ਨਾਂ ਦੇ ਉਤਰ ਦੇਣ ਦਾ ਪੂਰਾ ਜਤਨ ਕਰਨਗੇ, ਪਰ ਜੇ ਕੋਈ ਉਤਰ ਉਸ ਵਕਤ ਨਾ ਦਿਤਾ ਜਾ ਸਕੇਗਾ ਤਾਂ ਉਨ੍ਹਾਂ ਨੂੰ ਮੁੜ ਵਿਚਾਰਿਆ ਜਾ ਸਕਦਾ ਹੈ। ਪ੍ਰਸ਼ਨ-ਕਰਤਾ ਕੇਵਲ ਵਿਖਾਦੀ ਬਹਿਸ ਦਾ ਅਖਾੜਾ ਬਣਾਉਣ ਦਾ ਜਤਨ ਨਾ ਕਰਨ ਅਤੇ ਨਾ ਹੀ ਵਿਦਵਤਾ ਦਾ ਰੋਹਬ ਪ੍ਰਗਟਾਉਣ ਲਈ ਬਿਖੜੀਆਂ ਉਲਝਣਾਂ ਪਾਉਣ ਦਾ ਉਪਰਾਲਾ ਕਰਨ; ਸਗੋਂ ਸਰੋਤਾ ਤੇ ਵਕਤਾ ਧੀਰਜ ਤੇ ਠਰ੍ਹੰਮੇ ਨਾਲ ਗੁਰਮਤਿ ਨੂੰ ਪਰਸਪਰ ਵਿਚਾਰਾਂ ਨਾਲ ਸਮਝਣ ਤੇ ਸੁਲਝਾਉਣ ਦੇ ਜਤਨ ਕਰਨ।

ਵਿਚਾਰ ਸਮਾਗਮ ਦੇ ਮਹੌਲ ਨੂੰ ਸ਼ਾਂਤ ਤੇ ਰਸ-ਲੀਨ ਰਖਣ ਲਈ ਤਿੰਨੇ ਦਿਨ ਸਵੇਰੇ ਸ਼ਾਮ ਗੁਰਬਾਣੀ ਦੇ ਰਸ-ਭਿੰਨੇ ਕੀਰਤਨ ਹੁੰਦੇ ਰਹਿਣਗੇ।

['ਸਿੰਘ ਸਭਾ ਪਤ੍ਰਕਾ' ਵਿਚ ਦਿਤੇ ਲੇਖ ਦੇ ਅਧਾਰ ਤੇ



www.AKJ.Org

# ਇੰਗਲੈਂਡ ਤੋਂ ਪੁਜੀ ਮਾਇਆ ਬਾਰੇ ਧੰਨਵਾਦੀ ਪੱਤਰ

ਸ: ਬੰਤਾ ਸਿੰਘ ਜੀ ਗਾਰਡ ਨੇ ਬਰਮਿੰਘਮ (ਯੂ. ਕੇ.) ਤੋਂ ਸਰਦਾਰ ਬਲਬੀਰ ਸਿੰਘ ਜੀ ਦੀ ਹੇਠ ਲਿਖੀ ਪਤਰਕਾ 'ਸੂਰਾ' ਵਿਚ ਛਪਣ ਲਈ ਭੇਜੀ ਹੈ, ਜੋ ਇੰਨ ਬਿੰਨ ਹੇਠ ਦਰਜ ਕੀਤੀ ਜਾਂਦੀ ਹੈ—

ਪ੍ਰੇਮ ਸਤਿਕਾਰ ਯੋਗ ਗੁਰਮੁਖ ਪਿਆਰੇ ਵੀਰ ਭਾਈ ਸਾਹਿਬ ਬੰਤਾ ਸਿੰਘ ਜੀਓ,

ਆਪ ਜੀ ਦੀ ਪੱਤ੍ਰਕਾ, ਜੋ ਕਿ ਦਾਸ ਨੂੰ ੫-੬-੭੪ ਨੂੰ ਮਿਲੀ ਸੀ, ਉਪਰੰਤ State Bank of India Ludhiana ਤੋਂ ਆਪ ਜੀ ਰਾਹੀਂ ਅਖੰਡ ਕੀਰਤਨੀ ਜਥਾ U. K. ਦੀ ਭੇਜੀ ਮਾਇਆ ੫੦੨ ਪੌਂਡ ਪਹੁੰਚ ਗਈ ਹੈ ਅਤੇ ੨੭-੬-੭੪ ਨੂੰ ਸਾਡੇ ਪਾਸ ਪੁਸਤਕ ਫ਼ੰਡ ਵਿਚ ਜਮਾ ਹੋ ਚੁੱਕੀ ਹੈ, ਜਿਸ ਦੀ ਰਸੀਦ ਇਸ ਪੱਤ੍ਰਕਾ ਦੇ ਨਾਲ ਆਪ ਜੀ ਦੀ ਸੇਵਾ ਵਿਚ ਭੇਜੀ ਜਾਂਦੀ ਹੈ। ਸਾਡੇ ਵਲੋਂ ਅਖੰਡ ਕੀਰਤਨੀ ਜੱਥਾ U. K. ਦਾ ਬਹੁਤ ਬਹੁਤ ਧੰਨਵਾਦ ਹੈ ਜੋ ਸਮੇਂ ਸਿਰ ਮਾਇਆ ਭੇਜ ਕੇ ਪੁਸਤਕਾਂ ਦੀ ਛਪਾਈ ਜਾਰੀ ਰਖਣ ਵਾਸਤੇ ਸਾਨੂੰ ਉਦਮ ਬਖ਼ਸ਼ਿਆ ਹੈ।

ਆਪ ਜੀ ਦੀ ਪੱਤ੍ਰਕਾ ਆਉਣ ਤੋਂ ਪਹਿਲਾਂ ਅਸੀਂ "ਗੁਰਮਤਿ ਸਚੁ ਨਿਰਣੇ" ਪੁਸਤਕ ਛਪਾ ਚੁਕੇ ਹਾਂ ਜਿਸ ਦੀਆਂ ਕੁਝ ਕਾਪੀਆਂ Surface Mail ਰਾਹੀਂ ਦਾਸ ਆਪ ਜੀ ਦੇ address ਤੇ ਭੇਜ ਰਿਹਾ ਹੈ। ਹੁਣ ਅਸੀਂ "ਗੁਰਮਤਿ ਬਿਬੇਕ" "ਗੁਰਮਤਿ ਰਮਜ਼ਾਂ" ਅਤੇ "ਸਿਖ ਕੌਣ ਹੈ" ਪੁਸਤਕਾਂ ਛਪਣ ਵਾਸਤੇ ਪ੍ਰੈਸ ਨੂੰ ਦੇ ਰਹੇ ਹਾਂ, ਇਨ੍ਹਾਂ ਪੁਸਤਕਾਂ ਦੀ ਸੁਧਾਈ ਹੋ ਰਹੀ ਹੈ ਅਤੇ ਛੇਤੀ ਹੀ ਅਰੰਭ ਕਰ ਦਿਤੀਆਂ ਜਾਣਗੀਆਂ। ਕਾਗਜ਼ ਦੀ ਇਧਰ ਬਹੁਤ Black ਹੈ, ਮਿੱਲਾਂ ਨਾਲੋਂ ਦੁਗਣੇ ਰੇਟ ਤੇ ਕਾਗਜ਼ ਬਾਜ਼ਾਰ 'ਚੋਂ ਮਿਲਦਾ ਹੈ ਜਿਸ ਕਰ ਕੇ ਬੜੀ ਦਿੱਕਤ ਪੇਸ਼ ਆ ਰਹੀ ਹੈ, ਪਤਾ ਨਹੀਂ ਕਦ Black ਹਟੇਗੀ ਅਤੇ ਨਿਰਖ ਨਾਰਮਲ ਹੋਣਗੇ, ਪਰ ਅਸੀਂ ਜਿਉਂ ਤਿਉਂ ਕਰਕੇ ਕੋਸ਼ਸ਼ ਕਰ ਰਹੇ ਹਾਂ ਕਿ ਛਪਾਈ ਦਾ ਕੰਮ Continue ਰਖਿਆ ਜਾਵੇ, ਪਰ ਨਾਲ ਦੀ ਨਾਲ ਇਹ ਭੀ ਖ਼ਿਆਲ ਰਖਿਆ ਜਾ ਰਿਹਾ ਹੈ ਕਿ ਸੰਗਤਾਂ ਦੀ ਮਾਇਆ ਦੀ ਸੰਕੋਚ ਨਾਲ ਵਰਤੋਂ ਕਰਕੇ ਵੱਧ ਤੋਂ ਵੱਧ Matter ਛਾਪਿਆ ਜਾਵੇ। ਅਕਾਲ ਪੁਰਖ ਆਪ ਸਹਾਈ ਹੋਣਗੇ।

ਆਪ ਜੀ ਦੀ ਸੇਵਾ ਵਿਚ ਪੂਜਯ ਪਿਤਾ ਜੀ (ਸ੍ਰੀ ਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ) ਲਿਖਤ ਪੁਸਤਕਾਂ ਦੀ ਇਕ ਸੂਚੀ ਨਾਲ ਹੀ ਭੇਜੀ ਜਾਂਦੀ ਹੈ ਜਿਸ ਵਿਚ Out of Stock ਹੋ ਚੁੱਕੀਆਂ ਪੁਸਤਕਾਂ (ਜੋ ਛਪਣ ਵਾਲੀਆਂ ਹਨ) ਤੇ Star (*) ਦੇ ਨਿਸ਼ਾਨ ਲੱਗੇ ਹੋਏ ਹਨ। Star ਦੇ ਨਿਸ਼ਾਨ ਜਿੱਥੇ ਨਹੀਂ ਹਨ, ਉਹ ਪੁਸਤਕਾਂ ਸਾਡੇ ਪਾਸ available ਇਸ ਵੇਲੇ ਹਨ ਪਰ ਉਨ੍ਹਾਂ ਵਿਚੋਂ ਭੀ ਕਈ ਖ਼ਤਮ ਹੋਣ ਵਾਲੀਆਂ ਹਨ, ਇਸ ਲਈ ਕਾਫ਼ੀ ਉਦਮ ਕਰਨਾ ਪਵੇਗਾ ਅਜਿਹੀਆਂ ਸਾਰੀਆਂ ਪੁਸਤਕਾਂ ਨੂੰ ਛਾਪ ਕੇ ਸੰਗਤਾਂ ਪ੍ਰਤੀ ਪੇਸ਼ ਕਰਨ ਦਾ, ਜਿਸ ਲਈ ਗੁਰੂ ਆਸਰੇ ਅਸੀਂ ਕੰਮ ਅਰੰਭ ਦਿਤਾ ਹੈ।

U. K. ਦੀਆਂ ਸਾਰੀਆਂ ਸੰਗਤਾਂ ਨੂੰ ਸਾਡੀ ਪ੍ਰੇਮ ਸਹਿਤ ਫ਼ਤਹ ਬੁਲਾਉਣੀ। ਸਮੇਂ ਸਮੇਂ ਆਪ ਜੀ ਦੀ ਸੇਵਾ ਵਿਚ ਪੁਸਤਕਾਂ ਸਬੰਧੀ ਛਪਾਈ ਦੀ progress ਭੇਜੀ ਜਾਂਦੀ ਰਿਹਾ ਕਰੇਗੀ ਤਾਂ ਜੋ U. K. ਦੀਆਂ ਸੰਗਤਾਂ ਨੂੰ ਪੁਸਤਕਾਂ ਸਬੰਧੀ ਪੋਜ਼ੀਸ਼ਨ ਦਾ ਪਤਾ ਰਹੇ ਅਤੇ ਸੰਗਤਾਂ ਵੱਧ ਤੋਂ ਵੱਧ ਲਾਭ ਇਨ੍ਹਾਂ ਗੁਰਮਤਿ ਭਰਪੂਰ ਪੁਸਤਕਾਂ ਦੇ ਖ਼ਜ਼ਾਨੇ ਤੋਂ ਉਠਾ ਸਕਣ। ਕੋਈ ਭੀ ਜਾਣਕਾਰੀ ਪੁਸਤਕਾਂ ਸਬੰਧੀ ਚਾਹੀਦੀ ਹੋਵੇ ਦਾਸ ਤੋਂ ਕਿਸੇ ਭੀ ਵੇਲੇ ਮੰਗਵਾਈ ਜਾ ਸਕਦੀ ਹੈ। ਫੇਰ U. K. ਦੇ ਅਖੰਡ ਕੀਰਤਨੀ ਜਥੇ ਦਾ ਧੰਨਵਾਦ ਕਰਦਾ ਹੋਇਆ ਪੱਤ੍ਰਕਾ ਸਮਾਪਤ ਕਰਦਾ ਹਾਂ। ਆਪ ਦਾ ਦਾਸ—ਬਲਬੀਰ ਸਿੰਘ

---

# ਆਗਰੇ ਵਿਚ ਅਖੰਡ ਕੀਰਤਨ ਸਮਾਗਮ

ੲ ਤੋਂ ੧੦ ਨਵੰਬਰ ਨੂੰ ਹੋ ਰਹੇ ਹਨ।

ਵੇਰਵੇ ਸਹਿਤ ਪ੍ਰੋਗਰਾਮ ਅਗਲੇ ਪਰਚੇ ਵਿਚ ਦਿਤਾ ਜਾਵੇਗਾ।

www.AKJ.Org

# ਰਿਸ਼ਤੇ ਨਾਤੇ

**ਫ਼ਾਰਮ ਨੰ: ੧੨-੧੩**—ਦੋ ਅੰਮ੍ਰਿਤਧਾਰੀ ਗੁਰਸਿਖ ਬੀਬੀਆਂ, ਉਮਰ ਬਾਈ ਸਾਲ ਤੇ ਸਾਢੇ ਚਵੀ ਸਾਲ, ਐਮ. ਏ., ਬੀ. ਐੱਡ. ਪਾਸ, ਘਰੇਗੀ ਕੰਮ ਵਿਚ ਨਿਪੁੰਨ, ਕਦ ੫ ਫੁਟ ੪ ਇੰਚ, ਸਿਹਤ ਚੰਗੀ, ਲਈ ਪੜ੍ਹੇ ਲਿਖੇ ਗੁਰਸਿਖ ਬੱਚਿਆਂ ਦੀ ਲੋੜ ਹੈ ।

**ਫ਼ਾਰਮ ਨੰ: ੧੪**—ਇਕ ਅੰਮ੍ਰਿਤਧਾਰੀ ਬੀਬੀ, ਪੰਜ ਬਾਣੀਆਂ ਦੀ ਨਿਤਨੇਮਣ, ਉਮਰ ੨੩ ਸਾਲ, ਕਦ ੫ ਫੁਟ ੨ ਇੰਚ, ਸਿਹਤ ਚੰਗੀ, ਬੀ. ਏ. ਆਨਰਜ਼ (ਐਕਨਾਮਿਕਸ) ਪਾਸ, ਲਈ ਗੁਰਮੁਖ ਪਰਵਾਰ ਚੋਂ ਅੰਮ੍ਰਿਤਧਾਰੀ ਗੁਰਸਿਖ ਬੱਚੇ ਦੀ ਲੋੜ ਹੈ ।

**ਫ਼ਾਰਮ ਨੰ: ੧੧**—ਗੁਰਸਿਖ ਬੀਬੀ ਦਾ ਰਿਸ਼ਤਾ ਫ਼ਾਈਨਲ ਹੋ ਚੁਕਾ ਹੈ । ਇਸ ਬਾਰੇ ਕੋਈ ਸਜਣ ਚਿੱਠੀ-ਪੱਤਰ ਭੇਜਣ ਦੀ ਖੇਚਲ ਨਾ ਕਰਨ ।

---

# ਫ਼ੀਰੋਜ਼ਪੁਰ ਵਿਖੇ ਸਮਾਗਮ

੧੩-੧੪ ਸਤੰਬਰ ੧੯੭੪ ਨੂੰ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਕੀਰਤਨ ਸਮਾਗਮ ਫ਼ੀਰੋਜ਼ਪੁਰ ਸ਼ਹਿਰ ਤੇ ਛਾਉਣੀ ਵਿਖੇ ਹੋ ਰਹੇ ਹਨ । ਸੰਗਤਾਂ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰਨ ।

੧੩ ਸਤੰਬਰ ਸ਼ੁਕਰਵਾਰ ਸ਼ਾਮ ੭-੩੦ ਤੋਂ ੯-੩੦ ਕੀਰਤਨ ਗੁਰਦਵਾਰਾ ਬਸਤੀ ਟੈਂਕਾਂ ਵਾਲੀ ।

੧੪ ਸਤੰਬਰ ਸ਼ਨੀਵਾਰ ਸਵੇਰੇ ੫-੦੦ ਤੋਂ ਆਸਾ ਦੀ ਵਾਰ ਤੇ ਅਖੰਡ ਕੀਰਤਨ, ਖ਼ਾਲਸਾ ਗੁਰਦਵਾਰਾ ਫ਼ੀਰੋਜ਼ਪੁਰ ਛਾਉਣੀ ਵਿਖੇ ।

੧੪ ਸਤੰਬਰ ਸ਼ਨੀਵਾਰ ਸ਼ਾਮ ੪ ਵਜੇ ਅੰਮ੍ਰਿਤ-ਸੰਚਾਰ

ਸ਼ਾਮ ੮ ਵਜੇ ਰੈਣ-ਸਬਾਈ ਕੀਰਤਨ ਅਰੰਭ ਹੋਣਗੇ, ਜਿਸ ਦੇ ੧੫ ਸਤੰਬਰ ਐਤਵਾਰ ਸਵੇਰੇ ਸਤ ਵਜੇ ਭੋਗ ਪੈਣਗੇ ।

ਰਿਹਾਇਸ਼—ਮਾਲਵਾ ਖ਼ਾਲਸਾ ਸਕੂਲ, ਨੇੜੇ ਮਾਲਵਾ ਬਸ ਸਟੈਂਡ, ਫ਼ੀਰੋਫਪੁਰ ਸ਼ਹਿਰ ਵਿਖੇ ਹੋਵੇਗੀ ।

ਦਾਸਰੇ—ਅਖੰਡ ਕੀਰਤਨੀ ਜੱਥਾ, ਫ਼ੀਰੋਜ਼ਪੁਰ ਸ਼ਹਿਰ

---

# ਅਖੰਡ ਕੀਰਤਨੀ ਜੱਥਾ ਜਲੰਧਰ ਵਲੋਂ ਸਤੰਬਰ ੧੯੭੪ ਦੇ ਪ੍ਰੋਗਰਾਮ

੧ ਸਤੰਬਰ ਐਤਵਾਰ ਅੰਮ੍ਰਿਤ ਵੇਲੇ ੫ ਤੋਂ ੧੦ ਕੀਰਤਨ ਆਸਾ ਦੀ ਵਾਰ, ਗੁਰਦਵਾਰਾ ਸਿੰਘ ਸਭਾ ਜਲੰਧਰ ਛਾਉਣੀ ।

੭ ਸਤੰਬਰ ਸ਼ਨੀਵਾਰ ਰੈਣ-ਸਬਾਈ ਕੀਰਤਨ, ਪਿੰਡ ਮਨਨ, ਪਠਾਨਕੋਟ ਰੋਡ, ਜਲੰਧਰ ਤੋਂ ੬ ਮੀਲ ।

੧੫ ਸਤੰਬਰ ਐਤਵਾਰ ਅੰਮ੍ਰਿਤ ਵੇਲੇ ੫ ਤੋਂ ੧੦ ਕੀਰਤਨ ਆਸਾ ਦੀ ਵਾਰ, ਗੁਰਦਵਾਰਾ ਗੁਰੂ ਤੇਗ ਬਹਾਦਰ ਜੀ, ਸੈਂਟਰਲ ਟਾਊਨ, ਜਲੰਧਰ ।

੨੨ ਸਤੰਬਰ ਐਤਵਾਰ ਅੰਮ੍ਰਿਤ ਵੇਲੇ ੫ ਤੋਂ ੧੦ ਕੀਰਤਨ ਆਸਾ ਦੀ ਵਾਰ, ਗੁਰਦਵਾਰਾ ਮਾਡਲ ਟਾਊਨ, ਜਲੰਧਰ ।

੨੯ ਸਤੰਬਰ ਐਤਵਾਰ ਅੰਮ੍ਰਿਤ ਵੇਲੇ ੫ ਤੋਂ ੧੦ ਕੀਰਤਨ ਆਸਾ ਦੀ ਵਾਰ, ਤੇ ਅਨੰਦ ਕਾਰਜ ੧੧ ਵਜੇ ਤਕ, ਗੁਰਦਵਾਰਾ ਦੀਵਾਨ-ਅਸਥਾਨ ਸੈਂਟਰਲ ਟਾਊਨ, ਜਲੰਧਰ ।



www.AKJ.Org

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ-ਪੁਰਬ ਸਮੇਂ

## ਗੁਰਦੁਆਰਾ ਸਾਹਿਬ ਗੁਰੂ ਨਾਨਕ ਨਗਰ ਕਾਲੋਨੀ, ਜੀ. ਟੀ. ਰੋਡ

# ਬਟਾਲਾ ਵਿਖੇ ਸਾਲਾਨਾ ਕੀਰਤਨ-ਸਮਾਗਮ

## ੧੯ ਸਤੰਬਰ ਵੀਰਵਾਰ ਤੋਂ ੨੨ ਸਤੰਬਰ ਐਤਵਾਰ ਸਵੇਰੇ ਤਕ

ਹਰ ਸਾਲ ਵਾਂਗ ਐਤਕਾਂ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਤੇ ਬਟਾਲਾ ਜ਼ਿਲਾ ਗੁਰਦਾਸਪੁਰ ਵਿਖੇ ਸਰਬ ਹਿੰਦ ਅਖੰਡ ਕੀਰਤਨੀ ਜਥਿਆਂ ਵਲੋਂ ਹੇਠ ਦਿਤੇ ਪ੍ਰੋਗਰਾਮ ਅਨੁਸਾਰ ਕੀਰਤਨ-ਸਮਾਗਮ ਰਚੇ ਜਾ ਰਹੇ ਹਨ। ਸੰਗਤਾਂ ਦੇ ਚਰਨਾਂ ਵਿਚ ਬਿਨੈ ਹੈ ਕਿ ਪ੍ਰੋਗਰਾਮ ਅਨੁਸਾਰ ਅਪੜ ਕੇ ਕੀਰਤਨ-ਰਸ ਭੁੰਚੋ ਅਤੇ ਇਤਿਹਾਸਕ ਗੁਰ-ਅਸਥਨਾਂ ਦੀ ਯਾਤਰਾ ਕਰੋ। ਵਰਨਣ ਯੋਗ ਗੁਰਦੁਆਰੇ ਬਟਾਲਾ ਵਿਖੇ ਗੁਰਦੁਆਰਾ ਕੰਧ ਸਾਹਿਬ ਤੇ ਗੁਰਦੁਆਰਾ ਡੇਰਾ ਸਾਹਿਬ ਹਨ। ਲਾਗੇ ਤਿੰਨ ਕੁ ਮੀਲ ਤੇ ਗੁਰਦੁਆਰਾ ਅਚਲ ਸਾਹਿਬ ਹੈ।

## ਕੀਰਤਨ ਤੇ ਅਖੰਡ ਪਾਠ ਪ੍ਰੋਗਰਾਮ

| ਮਿਤੀ ਅਤੇ ਦਿਨ | ਸਮਾਂ | ਪ੍ਰੋਗਰਮ ਦਾ ਵੇਰਵਾ | ਅਸਥਾਨ |
|---|---|---|---|
| ੧੯-੯-੭੪ | ੫.੦੦ ਤੋਂ ੮.੦੦ ਸਵੇਰੇ | ਕੀਰਤਨ ਆਸਾ ਦੀ ਵਾਰ | ਗੁਰੂ ਨਾਨਕ ਨਗਰ ਵਿਖੇ |
| (ਵੀਰਵਾਰ) | – – ਉਪਰੰਤ | ਅਰੰਭ ਸ੍ਰੀ ਅਖੰਡ ਪਾਠ | ,, ,, |
| ੨੦-੯-੭੪ | ੫.੦੦ ਤੋਂ ੧੦.੦੦ ਸਵੇਰੇ | ਕੀਰਤਨ ਆਸਾ ਦੀ ਵਾਰ | ,, ,, |
| (ਸ਼ੁਕਰਵਾਰ) | ੭.੦੦ ਤੋਂ ੧੦.੩੦ ਸ਼ਾਮ | ਸੋਦਰ ਤੇ ਅਖੰਡ ਕੀਰਤਨ | ਗੁ: ਕੰਧ ਸਾਹਿਬ ਵਿਖੇ |
| ੨੧-੯-੭੪ | – ੫.੦੦ ਸਵੇਰੇ | ਭੋਗ ਸ੍ਰੀ ਅਖੰਡ ਪਾਠ | ਗੁਰੂ ਨਾਨਕ ਨਗਰ ਵਿਖੇ |
| (ਸਨੀਵਾਰ) | ੫.੦੦ ਤੋਂ ੧੨.੦੦ ਸਵੇਰੇ | ਕੀਰਤਨ ਆਸਾ ਦੀ ਵਾਰ | ,, ,, |

**ਰੈਣ-ਸਬਾਈ**—੨੧ ਸਤੰਬਰ ਸ਼ਨੀਵਾਰ ੮ ਵਜੇ ਸ਼ਾਮ ਨੂੰ ਰੈਣ-ਸਬਾਈ ਕੀਰਤਨ ਅਰੰਭ ਹੋਣਗੇ। ਸਮਾਪਤੀ ੨੨ ਸਤੰਬਰ ਐਤਵਾਰ ਸਵੇਰੇ ੭.੩੦ ਹਵੇਗੀ।

**ਅੰਮ੍ਰਿਤ-ਸੰਚਾਰ** ਸ਼ਨੀਵਾਰ ੨੧ ੯-੭੪ ਨੂੰ ਬਾਅਦ ਦੁਪਹਿਰ ੫ ਵਜੇ ਅੰਮ੍ਰਿਤ ਸੰਚਾਰ ਅਰੰਭ ਹੋਵੇਗਾ। ਅਭਿਲਖੀ ਸਜਣ ਪੰਜ ਕਕਾਰ–ਕੱਛ, ਕੜਾ, ਕਿਰਪਾਨ, ਕੰਘਾ, ਕੇਸਕੀ–ਧਾਰਨ ਕਰ ਕੇ ਸਿੰਘਣੀ ਸਮੇਤ ਸਕੇਸ਼ੀ ਇਸ਼ਨਾਨ ਕਰ ਕੇ ਪੁਜਣ।

**ਨੋਟ**—੧. ਗੁਰਮਤਿ ਅਨੁਸਾਰ ਅਨੰਦ-ਕਾਰਜਾ ਲਈ ਜੋੜੇ ਵਧ ਤੋਂ ਵਧ ਪੁਜਣ। ਇਹ ਅਨੰਦ ਕਾਰਜ ਰੈਣ ਸਬਾਈ ਦੇ ਭੋਗ ਸਮੇਂ ਹੋਣਗੇ।

੨. ਸੰਗਤਾਂ ਲੋੜ ਅਨੁਸਾਰ ਬਿਸਤਰੇ ਨਾਲ ਲਿਆਉਣ।

**ਸਮਾਗਮ ਅਸਥਾਨ** ਗੁਰੂ ਨਾਨਕ ਨਗਰ ਕਾਲੋਨੀ ਬਟਾਲਾ ਬੱਸ ਅੱਡੇ ਤੋਂ ਗੁਰਦਾਸਪੁਰ ਰੋਡ ਤੇ ਮਹੱਲਾ ਸਿੰਬਲਾਂ ਲਾਗੇ ਇਕ ਕਿਲੋ ਮੀਟਰ ਦੀ ਵਿਥ ਤੇ ਹੈ। ਬਾਹਰੋਂ ਆਈਆਂ ਸੰਗਤਾਂ ਦਾ ਉਤਾਰਾ ਉਥੇ ਹੀ ਹੋਵੇਗਾ।

ਪ੍ਰਾਰਥਕ—ਕੀਰਤਨੀ ਜਥਾ ਬਟਾਲਾ, ਜ਼ਿਲਾ ਗੁਰਦਾਸਪੁਰ।

www.AKJ.Org

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼-ਗੁਰਪੁਰਬ ਸਮੇਂ

# ਸਿੰਘ ਸਭਾ ਸ਼ਤਾਬਦੀ ਵਲੋਂ ਮਹਾਨ ਸਮਾਗਮ

## ੧੩ ਸਤੰਬਰ ਸ਼ੁਕਰਵਾਰ ਤੋਂ ੧੬ ਸਤੰਬਰ ਸੋਮਵਾਰ ਤਕ ਸ੍ਰੀ ਅੰਮ੍ਰਿਤਸਰ ਵਿਖੇ

ਕੇਂਦਰੀ ਸਿੰਘ ਸਭਾ ਸ਼ਤਾਬਦੀ ਕਮੇਟੀ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼-ਗੁਰਪੁਰਬ ਸਮੇਂ ਇਕ ਮਹਾਨ "ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਾਰ ਸੰਮੇਲਨ" ਕੀਤਾ ਜਾ ਰਿਹਾ ਹੈ। ਇਸ ਸੰਮੇਲਨ ਵਿਚ ਸਮੁਚੇ ਪੰਥ ਦੇ ਪਰਸਿਧ ਵਿਦਵਾਨ, ਸੰਤ, ਮਹਾਂ ਪੁਰਖ, ਗੁਰਮਖ ਪਿਆਰੇ ਅਤੇ ਪੰਥ ਦੀਆਂ ਉਘੀਆਂ ਹਸਤੀਆਂ ਸ਼ਾਮਲ ਹੋ ਰਹੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਖ ਵਖ ਮਜ਼ਮੂਨਾਂ ਦੇ ਵਖ ਵਖ ਪਹਿਲੂਆਂ ਤੇ ਪ੍ਰਸਿਧ ਵਿਦਵਾਨਾਂ ਵਲੋਂ ਬੜੇ ਗੰਭੀਰ, ਸੰਜੀਦਾ ਤੇ ਖੋਜ ਭਰੇ ਵਿਚਾਰ ਸੰਗਤਾਂ ਦੇ ਪਸ਼ ਕੀਤੇ ਜਾਣਗੇ ਅਤੇ ਪ੍ਰਸ਼ਨਾਂ ਤੇ ਸ਼ੰਕਿਆਂ ਦੀ ਨਵਿਰਤੀ ਕੀਤੀ ਜਾਵੇਗੀ।

## ਇਸ ਸਮਾਗਮ ਸਮੇਂ ਅਖੰਡ ਕੀਰਤਨ ਦੀ ਵੰਡ ਇਉਂ ਹੈ—

13—14—15 ਸਤੰਬਰ ਤਿੰਨੇ ਦਿਨ—

ਸਵੇਰੇ ਦੀਵਾਨ ਅਸਥਾਨ ਮੰਜੀ ਸਾਹਿਬ ਵਿਖੇ ਆਸਾ ਦੀ ਵਾਰ ਤੋਂ ਉਪਰੰਤ ਹੇਠ ਲਿਖੇ ਪਰਸਿੱਧ ਜੱਥੇ ਕੀਰਤਨ ਕਰਨਗੇ—

1. ਭਾਈ ਮਿਹਰ ਸਿੰਘ ਜੀ ਦਿਲੀ ਵਾਲਿਆਂ ਦਾ ਕੀਰਤਨੀ ਜੱਥਾ
2. ਭਾਈ ਮਹਿੰਦਰ ਸਿੰਘ ਜੀ ਐਸ. ਡੀ. ਓ. ਤੇ ਉਨ੍ਹਾਂ ਦੇ ਸਾਥੀ
3. ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਤੇ ਉਨ੍ਹਾਂ ਦੇ ਸਾਥੀ

ਸ਼ਾਮ ਨੂੰ ਤਿੰਨੇ ਦਿਨ ਇਹ ਕੀਰਤਨ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਹੋਣਗੇ।

**ਸ੍ਰੀ ਹਰਿਮੰਦਰ ਸਾਹਿਬ ਵਿਖੇ—** 15 ਸਤੰਬਰ ਐਤਵਾਰ ਨੂੰ ਅੰਮ੍ਰਿਤ ਵੇਲੇ ਭਾਈ ਮਿਹਰ ਸਿੰਘ ਜੀ ਦਿਲੀ ਦਾ ਪਰਸਿੱਧ ਜੱਥਾ ਆਸਾ ਦੀ ਵਾਰ ਦਾ ਹਜ਼ੂਰੀ ਕੀਰਤਨ ਕਰੇਗਾ।

**ਰੈਣ-ਸਬਾਈ—** 15 ਸਤੰਬਰ ਰਾਤ ਨੂੰ ਗੁਰਦਵਾਰਾ ਰਾਮਸਰ ਦੇ ਖੁਲ੍ਹੇ ਪੰਡਾਲ ਵਿਚ ਅਖੰਡ ਕੀਰਤਨੀ ਜਥਿਆਂ ਵਲੋਂ 8 ਵਜੇ ਸ਼ਾਮ ਰੈਣ-ਸਬਾਈ ਕੀਰਤਨ ਅਰੰਭ ਹੋਣਗੇ ਜਿਸ ਦੇ ਭੋਗ 16 ਸਤੰਬਰ ਸਵੇਰ ਨੂੰ ਪੈਣਗੇ। ਉਪਰੰਤ ਜਲੂਸ ਦੀ ਸ਼ਕਲ ਵਿਚ ਸ੍ਰੀ ਗੁਰੂ ਗ੍ਰੰਥ ਜੀ ਪਾਲਕੀ ਵਿਖੇ ਸ੍ਰੀ ਹਰਿਮੰਦਰ ਸਾਹਿਬ ਲਿਜਾਏ ਜਾਣਗੇ।

**ਸਨਮਾਨ ਸਮਾਗਮ—** 16 ਸਤੰਬਰ ਸਵੇਰੇ ਜਲੂਸ ਤੋਂ ਉਪਰੰਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਉਚੇਚੇ ਕੀਰਤਨ ਹੋਣਗੇ। 11 ਵਜੇ ਹੇਠ ਲਿਖੀਆਂ ਤਿੰਨ ਵਿਸ਼ੇਸ਼ ਪੰਥ-ਪਰਸਿੱਧ ਵਿਅਕਤੀਆਂ ਨੂੰ ਉਨ੍ਹਾਂ ਦੀ ਗੁਰਬਾਣੀ ਅਤੇ ਪੰਥ ਦੀ ਨਿਸ਼ਕਾਮ ਸੇਵਾ ਕਰਨ ਬਦਲੇ, ਪੰਥ ਵਲੋਂ ਸਿਰੋਪਾ ਦੇ ਕੇ ਸਨਮਾਨਤ ਕੀਤਾ ਜਾਵੇਗਾ—

1. ਸ੍ਰੀ ਮਾਨ ਬਾਊ ਮਲ ਸਿੰਘ ਜੀ ਸੇਵਾਦਾਰ ਸਰਬ ਹਿੰਦ ਅਖੰਡ ਕੀਰਤਨੀ ਜੱਥੇ।
2. ਸੰਤ ਗੁਰਮੁਖ ਸਿੰਘ ਜੀ ਪਟਿਆਲਾ ਵਾਲੇ।
3. ਸਤ ਇੰਦਰ ਸਿੰਘ ਜੀ (ਭਰਾਤਾ ਸੰਤ ਸੁੰਦਰ ਸਿੰਘ ਜੀ ਭਿੰਡਰਾਂ ਵਾਲੇ)।

16 ਸਤੰਬਰ ਰਾਤ ਨੂੰ ਦੀਵਾਨ ਅਸਥਾਨ ਮੰਜੀ ਸਾਹਿਬ ਵਿਖੇ ਫਿਰ ਵਿਸ਼ੇਸ਼ ਕੀਰਤਨ ਹੋਣਗੇ।

www.AKJ.Org